# ....ਅਲਸੀਤੇ ਜ਼ਖ਼ਮ....



ਸਿਮਰਨ 'ਲੁਧਿਆਣਵੀ'

www.PunjabiLibrary.com

# ......ਅਣਸੀਤੇ ਜ਼ਖ਼ਮ......

## {ਕਹਾਣੀ ਸੰਗ੍ਰਹਿ}

....ਮੂਲ ਲੇਖਕ....

ਸਿਮਰਨ 'ਲੁਧਿਆਣਵੀ'

www.PunjabiLibrary.com

## ਚੰਦ ਲਫ਼ਜ਼ ਲੇਖਕ ਵੱਲੋਂ......

ਸਤਿ ਸ਼੍ਰੀ ਅਕਾਲ ਜੀ, ਪ੍ਰਸਤੁਤ ਕਿਤਾਬ ਮੇਰਾ ਲਿਖਿਆ ਪਹਿਲਾ 'ਕਹਾਣੀ ਸੰਗ੍ਰਹਿ' ਹੈ, ਜੋ ਮੈਂ ਇਸੇ ਸਾਲ ਮਈ 2020 ਵਿੱਚ ਲਿਖਿਆ ਹੈ। ਮੈਂ ਇਹ ਤਾਂ ਨਹੀਂ ਜਾਣਦੀ ਕਿ ਕਿਤਾਬ ਦੀ ਭੂਮਿਕਾ ਕਿਵੇਂ ਬੰਨ੍ਹੀ ਜਾਂਦੀ ਹੈ ਤੇ ਨਾ ਹੀ ਮੈਂ ਕੋਈ ਵੱਡੀ ਜਾਂ ਖਾਸ ਲੇਖਕਾ ਹਾਂ ਕਿ ਲਫ਼ਜ਼ਾਂ ਨੂੰ ਇੱਕ ਖਾਸ ਤਰਤੀਬ ਵਿੱਚ ਪਰੋ ਕੇ ਆਪਣੀ ਕਿਤਾਬ ਦੀ ਭੂਮਿਕਾ ਤੁਹਾਡੇ ਸਾਹਮਣੇ ਰੱਖ ਸਕਾਂ। ਬਲਕਿ ਮੈਂ ਤਾਂ ਇੱਕ ਸਧਾਰਨ ਜਿਹੀ ਲੇਖਕਾ ਹਾਂ, ਜਿਸਨੂੰ ਕਿਤਾਬਾਂ ਪੜ੍ਹਨ ਦੇ ਨਾਲ-੨ ਲਿਖਣ ਦਾ ਵੀ ਸ਼ੌਂਕ ਹੈ ਤੇ ਮੇਰੇ ਇਸ ਸ਼ੌਂਕ ਨੇ ਹੀ ਮੈਨੂੰ ਲਿਖਣ ਲਈ ਪ੍ਰੇਰਿਆ ਹੈ। ਮੈਨੂੰ ਉਮੀਦ ਹੈ ਕਿ ਮੇਰੀ ਇਸ ਪਹਿਲੀ ਕੋਸ਼ਿਸ਼ ਨੂੰ ਪਾਠਕ ਪਸੰਦ ਕਰਨਗੇ। ਜੇ ਇਸ ਕਿਤਾਬ ਦੀਆਂ ਕਹਾਣੀਆਂ ਤੁਹਾਡੇ ਦਿਲ ਨੂੰ ਕਿਤੇ ਨਾ ਕਿਤੇ ਛੂਹ ਗਈਆਂ, ਤਾਂ ਫੇਰ ਤਾਂ ਇਸ ਕਿਤਾਬ ਨੂੰ ਕਿਸੇ ਭੂਮਿਕਾ ਦੀ ਲੋੜ ਹੀ ਨਹੀਂ ਰਹੇਗੀ।

.........

www.PunjabiLibrary.com

## ਕਿਤਾਬ ਬਾਰੇ.....

ਪ੍ਰਸਤੁਤ ਪੁਸਤਕ 'ਅਣਸੀਤੇ ਜ਼ਖ਼ਮ' ਇੱਕ 'ਕਹਾਣੀ ਸੰਗ੍ਰਹਿ' ਹੈ। ਜਿਸ ਵਿੱਚ ਕੁੱਲ ਤੇਰਾਂ ਕਹਾਣੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਹਰ ਕਹਾਣੀ ਭਾਵੇਂ ਦੂਸਰੀ ਕਹਾਣੀ ਤੋਂ ਵੱਖਰੀ ਹੈ, ਨਿਵੇਕਲੀ ਹੈ, ਕਹਾਣੀ ਦੇ ਪਾਤਰ ਵੱਖੋ-ਵੱਖਰੇ ਹਨ, ਵੱਖੋ-ਵੱਖਰੇ ਚਰਿੱਤਰ ਹਨ ਤੇ ਵੱਖੋ-ਵੱਖਰੇ ਵਾਰਤਾਲਾਪ ਹਨ, ਪਰ ਪਾਤਰਾਂ ਵਿੱਚ ਇੱਕ ਸਾਂਝ ਜ਼ਰੂਰ ਹੈ ਤੇ ਉਹ ਸਾਂਝ ਹੈ 'ਜ਼ਖ਼ਮਾਂ ਦੀ'...'ਅਣਸੀਤੇ ਜ਼ਖ਼ਮਾਂ ਦੀ'.....। ਇਹਨਾਂ ਜ਼ਖ਼ਮਾਂ ਵਿੱਚ ਪਾਤਰਾਂ ਦੇ ਦਿਲਾਂ ਦੇ ਦਰਦ, ਹਿਜ਼ਰ ਦੀ ਅੱਗ ਤੇ ਜਜ਼ਬਾਤਾਂ ਦੇ ਉਤਾਰ-ਚੜ੍ਹਾਅ ਨੂੰ ਸ਼ਾਮਿਲ ਕੀਤਾ ਗਿਆ ਹੈ ਤੇ ਮੁੱਖ ਪਾਤਰਾਂ ਨੂੰ ਕੇਵਲ ਮੁੱਖ ਪਾਤਰ ਹੀ ਨਹੀਂ, ਸਗੋਂ ਹਮਦਰਦੀ ਦੇ ਪਾਤਰ ਬਣਾਉਣ ਦੀ ਵੀ ਕੋਸ਼ਿਸ਼ ਕੀਤੀ ਗਈ ਹੈ।

www.PunjabiLibrary.com

# .......ਤਰਤੀਬ.......

★ਗੂੜ੍ਹੇ ਰੰਗ, ਫਿੱਕੇ ਰੰਗ.....

★ਅਜੀਬ ਮਰਜ਼ ਦਾ ਮਰੀਜ਼....

★ਚੁੱਪ- ਚੁਪੀਤੇ....

★ਪੌਣੇ ਪੰਜ ਦੀ ਗੱਡੀ....

★ਨਾਵਾਕਫ਼....

★ਬਦਨਸੀਬ ਸਾਂ ਮੈਂ.....

★ਆਖ਼ਿਰੀ ਦੀਵਾਲੀ.....

★ਤੇ ਉਹ ਮੁੜ ਨਾ ਆਈ.....

★ਪੀਲੇ ਪੱਤੇ.....

★ਮੁਥਾਜ.....

★ਅਣਸੀਤੇ ਜ਼ਖ਼ਮ.....

★ਸਰਹੱਦਾਂ.....

★ਆਜ਼ਾਦ.....

www.PunjabiLibrary.com

## .....ਗੂੜ੍ਹੇ ਰੰਗ, ਫਿੱਕੇ ਰੰਗ.....

*'ਕੁੱਝ ਰੰਗ ਜ਼ਿੰਦਗੀ 'ਚ ਭਰੇ ਨੇ ਮੈਂ....*

*ਤੇ ਕੁੱਝ 'ਚ ਭਰੀ ਗਈ ਮੇਰੀ ਜ਼ਿੰਦਗੀ....'*

ਉਸ ਦਿਨ ਖਰੀਦੋ-ਫਰੋਖਤ ਲਈ ਕੁੱਲ ੧੬ ਆਨੇ ਜੇਬ 'ਚ ਪਾਈ ਤੂੰ ਮੇਲੇ ਗਿਆ ਸੀ...ਮੈਨੂੰ ਰੰਗਾਂ ਨਾਲ ਕਿੰਨਾ ਪਿਆਰ ਏ, ਤੂੰ ਜਾਣਦਾ ਸੀ...ਤਾਹੀਉਂ ਤਾਂ ਉਸ ਦਿਨ ਤੂੰ ਮੇਰੇ ਲਈ ਗੂੜ੍ਹੇ-ਫਿੱਕੇ ਰੰਗਾਂ ਵਾਲੀ ਫੁਲਕਾਰੀ ਲੈ ਆਇਆ ਸੀ....

ਪਰ ਤੂੰ ਝੂਠ ਬੋਲਿਆ ਸੀ ਮੈਥੋਂ ਕਿ ਫੁਲਕਾਰੀ ਤੈਨੂੰ ੧੨ ਆਨਿਆਂ 'ਚ ਹੀ ਮਿਲ ਗਈ...ਅਸਲ 'ਚ ਉਸ ਫੁਲਕਾਰੀ ਦੀ ਕੀਮਤ ੨੦ ਆਨੇ ਸੀ ਤੇ ਹੋਰ ੪ ਆਨਿਆਂ ਦਾ ਪ੍ਰਬੰਧ ਤੂੰ ਕਿੱਥੋਂ ਕੀਤਾ ਸੀ, ਇਹ ਰਾਤੀਂ ਮੈਨੂੰ ਤੇਰੇ ਪੈਰਾਂ ਦੇ ਛਾਲਿਆਂ ਨੇ ਦੱਸ ਦਿੱਤਾ ਸੀ....

ਰੰਗ ਤਾਂ ਮੇਰੀ ਰਸੋਈ ਵਿੱਚ ਵੀ ਬਹੁਤ ਸਨ.... ਗੂੜ੍ਹੇ ਰੰਗਾਂ ਦੀਆਂ ਸਬਜ਼ੀਆਂ 'ਚ ਫਿੱਕਾ ਲੂਣ ਤੈਨੂੰ ਚੰਗਾ ਲੱਗਦਾ ਸੀ, ਪਰ ਮੈਨੂੰ ਨਹੀਂ...ਮੈਨੂੰ ਤਾਂ ਸਰੋਂ ਦੇ ਤੇਲ

www.PunjabiLibrary.com

'ਚ ਤਲੀਆਂ ਪਾਪੜੀਆਂ ਚੰਗੀਆਂ ਲੱਗਦੀਆਂ ਸਨ.... ਪਰ ਹਰ ਦੂਜੇ ਦਿਨ ਘਰ ਵਿੱਚ ਦਾਲ ਰਿੱਝਿਆ ਕਰਦੀ ਸੀ ਤੇ ਹਰ ਚੌਥੇ ਦਿਨ ਸਰੋਂ ਦਾ ਸਾਗ......

ਹਾਂ, ਸਾਗ ਤਾਂ ਸ਼ੁਰੂ ਤੋਂ ਹੀ ਖ਼ਾਰਾ ਰਿਹਾ... ਤੂੰ ਕਦੇ ਦੱਸਿਆ ਵੀ ਤਾਂ ਨਹੀਂ ਸੀ ਕਿ ਤੂੰ ਸਾਗ ਚੋਰੀਓਂ ਤੋੜ ਲਿਆਂਉਂਦਾ ਰਿਹੈਂ.... ਉਹ ਵੀ ਪਿੰਡੋਂ ਬਾਹਰੇ ਵੱਗਦੇ ਨਾਲੇ ਨਾਲ ਲੱਗਦੇ ਖੇਤਾਂ 'ਚੋਂ....

ਗਰੀਬ ਤਾਂ ਸੀ, ਪਰ ਜੱਟਾਂ ਦਿਆਂ ਖੇਤਾਂ 'ਚ ਕਪਾਹ, ਮੱਕੀ, ਸਰੋਂ, ਸਬਜ਼ੀਆਂ,ਕਣਕ ਤੇ ਝੋਨਾ ਬੀਜ-ਬੀਜ ਕੇ ਲੋਕਾਂ ਦੇ ਢਿੱਡ ਭਰਦੇ ਰਹੇ.... ਸਾਰਾ-ਸਾਰਾ ਦਿਨ ਹੱਡ ਭੰਨ ਕੇ ਵੀ ਸਾਡੇ ਗਰੀਬਾਂ ਦੇ ਢਿੱਡ ਦੇ ਚੂਹੇ ਰਾਤੀ ਕਦੇ ਢਿੱਡੋਂ ਰੱਜ-ਪੁੱਜ ਕੇ ਨਹੀਂ ਸਨ ਸੁੱਤੇ.....

ਡਕਾਰ ਤਾਂ ਦੂਰ ਰਿਹਾ, ਢਿੱਡ ਨੂੰ ਤਾਂ ਏਸੇ ਦੀ ਤਸੱਲੀ ਸੀ ਕਿ ਤਿੰਨ ਵੇਲ਼ਿਆਂ ਵਿੱਚੋਂ ਇੱਕ ਵੇਲ਼ਾ ਭੁਲਾ ਕੇ ਦੋ ਵੇਲ਼ੇ ਤਾਂ ਢਿੱਡ ਭਰ ਹੀ ਜਾਂਦਾ ਸੀ ਤੇ ਤੀਜੇ ਵੇਲ਼ੇ ਇਹ ਆਖ ਸਾਰ ਲਈਦਾ ਸੀ ਕਿ....

***' ਫਰੀਦਾ ਰੋਟੀ ਮੇਰੀ ਕਾਠ ਦੀ...***

***ਲਾਵਣ ਮੇਰੀ ਭੁੱਖ....***

***ਜਿਹਨਾਂ ਖਾਧੀ ਚੋਪੜੀ...***

***ਘਣੇ ਸਹਿਣਗੇ ਦੁੱਖ........'***

ਆਪਣੇ ਪਿਆਰ ਦੇ ਰੰਗ ਉਸ ਦਿਨ ਹੋਰ ਗੂੜ੍ਹੇ ਹੋ ਗਏ ਸਨ, ਜਦ ਆਪਾਂ ਦੋ ਤੋਂ ਤਿੰਨ ਹੋਣ ਵਾਲੇ ਸਾਂ....ਪਰ ਸ਼ਾਇਦ ਗਰੀਬਾਂ ਦੀਆਂ ਖੁਸ਼ੀਆਂ ਨੂੰ ਗਰੀਬਾਂ ਦੀ ਆਪਣੀ ਹੀ ਨਜ਼ਰ ਲੱਗ ਜਾਂਦੀ ਏ....

ਤਾਹੀਂਓ ਤਾਂ ਜਦ ਮਾਲਕ ਨੂੰ ਆਪਣੀ ਖੁਸ਼ੀ ਦੱਸਿਆਂ ਤੂੰ ਆਪਣੇ ਮਾਲਕ ਦੀ ਦਿੱਤੀ ਮਿਠਾਈ ਘਰ ਲੈ ਕੇ ਆਇਆ ਤਾਂ ਉਸ ਗੂੜ੍ਹੀ ਰੰਗੀ ਮਿਠਾਈ ਨੇ ਸਾਡੀਆਂ ਖੁਸ਼ੀਆਂ ਦੇ ਰੰਗ ਫਿੱਕੇ ਕਰ ਛੱਡੇ ਤੇ ਮੂੰਹ ਨੂੰ ਲਾਇਆਂ ਹੀ ਸ਼ਹਿਦ, ਜ਼ਹਿਰ ਬਣ ਕੇ ਸਾਡੇ ਵਿਹੜੇ ਦੀ ਬਣਨ ਵਾਲੀ ਰੌਣਕ ਨੂੰ ਉਜਾੜ ਗਿਆ....

ਸ਼ਾਇਦ ਮਾਲਕ ਨੇ ਨੌਕਰ ਸਮਝ ਕੇ ਪੁਰਾਣੀ ਬੇਹੀ ਮਿਠਾਈ ਨਾਲ ਹੀ ਤੇਰੇ ਹੱਥ ਭਰ ਦਿੱਤੇ ਸਨ ਤੇ ਸ਼ਾਇਦ ਜਾਣੇ ਜਾਂ ਅਣਜਾਣੇ ਹੀ ਮੇਰੀ ਝੋਲੀ ਖਾਲੀ ਕਰਨ ਲਈ ਤੈਨੂੰ ਘਰੇ ਘੱਲ ਦਿੱਤਾ ਸੀ....

ਰੱਬ ਦੇ ਰੰਗ ਵੀ ਬੜੇ ਨਿਆਰੇ ਨੇ.....ਓਹਦੀਆਂ ਉਹ ਹੀ ਜਾਣੈ....ਸਾਡੀ ਫਿੱਕੀ ਜ਼ਿੰਦਗੀ ਵਿੱਚ ਫੇਰ ਤੋਂ ਗੂੜ੍ਹੇ ਰੰਗ ਭਰੇ ਗਏ, ਜਦ ਪਿੰਡੋਂ ਬਾਹਰੇ ਵੱਗਦੇ ਨਾਲੇ ਕੋਲ ਕੋਈ ਨਵ-ਜੰਮੀ ਬੱਚੀ ਛੱਡ ਗਿਆ ਤੇ ਉਹਨੂੰ ਰੋਂਦੀ ਨੂੰ ਘਰੇ ਲਿਆ ਆਪਾਂ ਉਸਨੂੰ ਆਪਣੇ ਵਿਹੜੇ ਦੀ ਰੌਣਕ ਬਣਾ ਲਿਆ....

ਕਿੰਨਾ ਸੋਹਣਾ ਨਾਂ ਦਿੱਤਾ ਸੀ ਤੂੰ ਉਸਨੂੰ....'ਰੌਣਕ'....ਉਹ ਰੌਣਕ ਹੀ ਤਾਂ ਸੀ ਸਾਡੇ ਵਿਹੜੇ ਦੀ.... ਤੇ ਜਦ ਉਹ ਸਹੁਰੇ ਗਈ, ਆਪਣੀ ਰੌਣਕ ਆਪਣੇ ਨਾਲ ਹੀ ਲੈ ਗਈ.....

ਓਹਨੇ ਤਾਂ ਉੱਥੇ ਵੀ ਆਪਣੀ ਰੌਣਕ ਨਾਲ ਸਾਰਾ ਘਰ ਭਰ ਦਿੱਤਾ ਸੀ, ਪਰ ਸ਼ਾਇਦ ਓਹਦੇ ਸਹੁਰਿਆਂ ਨੂੰ ਆਪਣਾ ਘਰ ਹਲੇ ਵੀ ਖਾਲੀ-ਖਾਲੀ ਲੱਗਦਾ ਸੀ, ਤਾਹੀਂਓ ਤਾਂ ਅੱਗੋਂ ਏਡਾ ਮੂੰਹ ਖੋਲ੍ਹ ਲਿਆ ਸੀ...ਪਰ ਉਹਨਾਂ ਦਾ ਮੂੰਹ ਭਰਨ ਲਈ ਸਾਡੇ ਕੋਲ ਆਖ਼ਿਰ ਹੈ ਹੀ ਕਿੰਨਾ ਸੀ....

'ਛੱਡੀ ਹੋਈ' ਕਹਿ ਕੇ ਜਦ ਲੋਕੀਂ ਤਾਹਨੇ-ਮਿਹਣੇ ਮਾਰਦੇ ਤਾਂ ਮੇਰੇ ਦਿਲ ਨੂੰ ਹੌਲ਼ ਜਿਹੇ ਪੈਂਦੇ...ਤੂੰ ਵੀ ਤਾਂ ਰਾਤੀਂ ਲੁੱਕ-ਲੁੱਕ ਰੋਇਆ ਕਰਦਾ ਸੀ... ਬਾਪ ਜੋ ਸੀ....

ਫਿਰ ਉਹ ਵੀ ਆਪਣਾ ਰੰਗ ਵਿਖਾ ਗਈ, ਆਪਣਾ ਰੰਗ ਵਟਾ ਕੇ... ਫ਼ਨਾ ਹੋ ਗਈ ਏਸ ਦੁਨੀਆਂ ਤੋਂ ਹਮੇਸ਼ਾ-ਹਮੇਸ਼ਾ ਲਈ.... ਤੇ ਉੱਜੜ ਗਈ ਸਾਡੇ ਵਿਹੜੇ ਦੀ ਰੌਣਕ ਸਦਾ ਲਈ.....

ਉਹ ਜ਼ਿੱਲਤ ਭਰੀ ਜ਼ਿੰਦਗੀ ਤੋਂ ਬੱਚਣਾ ਚਾਹੁੰਦੀ ਸੀ ਤੇ ਆਪਣੀ ਏਸ ਜ਼ਿੱਲਤ ਭਰੀ ਜ਼ਿੰਦਗੀ ਤੋਂ ਸਾਨੂੰ ਬਚਾਉਣਾ ਵੀ.....

ਜ਼ਿੰਦਗੀ ਦੇ ਰੰਗ ਹੋਰ ਫਿੱਕੇ ਪੈ ਚੱਲੇ ਸਨ...ਕੋਈ ਕੰਮ ਕਰਨ ਨੂੰ ਜੀਅ ਨਹੀਂ ਸੀ ਕਰਦਾ... ਨਾ ਤੇਰਾ ਤੇ ਨਾ ਹੀ ਮੇਰਾ.... ਦਿਲ ਵਿੱਚ ਗ਼ਮਾਂ ਦੀ ਅੱਗ ਬਲ਼ ਰਹੀ ਸੀ ਤੇ ਅੱਖੀਆਂ ਰੋ-ਰੋ ਦੁੱਖਾਂ ਨੂੰ ਦਿਲਾਸੇ ਦੇ ਰਹੀਆਂ ਸਨ....

ਅੰਦਰਲੇ ਦੀ ਅੱਗ ਨੂੰ ਬੁਝਾਵਣ ਦੀ ਨਾ-ਕਾਮਯਾਬ ਕੋਸ਼ਿਸ਼ ਕਰ ਰਹੀਆਂ ਸਨ ਆਪਣੇ ਅੱਥਰੂਆਂ ਨਾਲ, ਇਹ ਤ੍ਰਿਪ-ਤ੍ਰਿਪ ਚੋਂਦੀਆਂ ਅੱਖੀਆਂ....

ਆਰਥਿਕ ਪੱਖੋਂ ਘਰ ਦੇ ਹਾਲਾਤ ਬਦ ਤੋਂ ਬੱਤਰ ਹੁੰਦੇ ਜਾ ਰਹੇ ਸਨ ਤੇ ਭਾਵਨਾਤਮਕ ਪੱਖੋਂ ਘਰ 'ਚ ਰਹਿਣ ਵਾਲਿਆਂ ਦੀ ਹਾਲਤ.....

ਉਸ ਦਿਨ ਤਾਂ ਉਹ ਵੀ ਰੰਗ ਵਿਖਾ ਗਈ ਸੀ, ਜਿਸ ਦਿਨ ਮੈਂ ਮੁੱਠੀ ਭਰ ਆਟਾ ਮੰਗਣ ਲਈ ਰਾਣੋ ਘਰ ਗਈ ਸਾਂ ਤੇ ਗੁਆਂਢਣ ਹੁੰਦੇ ਹੋਏ ਵੀ ਓਹਨੇ ਮੈਥੋਂ ਇਓਂ ਅੱਖਾਂ ਫੇਰ ਲਈਆਂ ਸਨ ਜਿਵੇਂ ਮੈਂ ਉਸਨੂੰ ਘਰੇ ਆਈ ਨੂੰ ਦਿਸੀ ਹੀ ਨਾ ਹੋਵਾਂ....

ਫੇਰ ਤਾਂ ਜ਼ਿੰਦਗੀ ਨੇ ਕਈਆਂ ਦੇ ਬਦਲੇ ਰੰਗ ਇੱਕੋ ਵਾਰੀ ਵਿਖਾ ਤੇ.... ਯਾਦ ਏ ਮੈਨੂੰ ਅੱਜ ਵੀ ਕਿ ਕਿਸ ਤਰ੍ਹਾਂ ਸਭ ਸਾਕ-ਸੰਬੰਧੀ ਸਾਥੋਂ ਇੱਕ-ਇੱਕ ਕਰਕੇ ਟੁੱਟਦੇ ਚਲੇ ਗਏ...... ਉਂਝ ਵੀ ਕਿਹੜਾ ਉਹ ਸਾਡੇ ਕੋਈ ਬਹੁਤੇ ਮਦਦਗਾਰ ਸਨ.....

***'ਅਜੀਬ ਸਨ ਉਹ ਸਾਕ ਵੀ.....***

***ਜਿਹੜੇ ਸਾਰ ਵੀ ਨਹੀਂ ਸਨ ਲੈਂਦੇ..... '***

ਫੇਰ ਤਾਂ ਸਾਡੇ ਸਕਿਆਂ ਨੇ ਵੀ ਇੰਝ ਸਾਥੋਂ ਮੁੱਖ ਮੋੜ ਲਿਆ, ਜਿਵੇਂ ਜਾਣਦੇ ਹੀ ਨਾ ਹੋਣ.....

***'ਜਦ ਮੁਸੀਬਤ ਨੇ ਆਣ ਘੇਰਿਆ ਸਾਨੂੰ......***

***ਸਾਡੇ ਆਪਣੇ ਹੀ ਸਾਥੋਂ ਪੱਲਾ ਛੁਡਾ ਗਏ........'***

ਸੱਚਮੁੱਚ ਰੰਗ ਤਾਂ ਕਈ ਨੇ...ਗੂੜ੍ਹੇ ਵੀ ਨੇ.... ਤੇ ਫਿੱਕੇ ਵੀ....ਕੁੱਝ ਰੰਗ ਜ਼ਿੰਦਗੀ ਨੂੰ ਰੁਸ਼ਨਾਉਂਦੇ ਨੇ...ਮਹਿਕਾਉਂਦੇ ਨੇ...ਭਾਵ ਪੂਰਨ ਤੇ ਅਰਥ ਪੂਰਨ ਬਣਾਉਂਦੇ ਨੇ....ਜਿਹਨਾਂ ਰੰਗਾਂ 'ਚ ਜਾਨ ਹੁੰਦੀ ਏ, ਉਹ ਰੰਗ ਜ਼ਿੰਦਗੀ ਨੂੰ ਜਿਊਣ ਲਾਇਕ ਵੀ ਬਣਾਉਂਦੇ ਨੇ....

ਪਰ ਕੁੱਝ ਰੰਗ ਜ਼ਿੰਦਗੀ ਨੂੰ ਰੁਸ਼ਨਾਉਂਦੇ ਨਹੀਂ, ਸਗੋਂ ਢੱਕ ਲੈਂਦੇ ਨੇ ਜ਼ਿੰਦਗੀ.... ਆਪਣੇ ਗੂੜ੍ਹੇ-ਫਿੱਕੇ ਪਰਦਿਆਂ ਹੇਠ..... ਇਹ ਜ਼ਿੰਦਗੀ ਨੂੰ ਨਾ ਕੇਵਲ ਭਾਵ-ਹੀਣ ਬਣਾਉਂਦੇ ਨੇ, ਸਗੋਂ ਅਰਥ-ਹੀਣ ਵੀ ਬਣਾ ਛੱਡਦੇ ਨੇ...

ਇਹ ਰੰਗ ਭਾਵੇਂ ਬੇਜਾਨ ਨਾ ਵੀ ਹੋਣ, ਤਾਂ ਵੀ ਜ਼ਿੰਦਗੀ ਨੂੰ ਬੇਜਾਨ ਬਣਾ ਦਿੰਦੇ ਨੇ...ਫਿਰ ਐਸੇ ਰੰਗਾਂ ਵਾਲੀ ਜ਼ਿੰਦਗੀ ਨੂੰ ਹਰ ਕੋਈ ਨਫ਼ਰਤ ਕਰਨ ਲੱਗਦਾ ਏ...ਨਫ਼ਰਤ ਕਰਨ ਲੱਗਦਾ ਏ ਉਹ ਖ਼ੁਦ ਨੂੰ.... ਤੇ ਨਫ਼ਰਤ ਕਰਨ ਲੱਗਦਾ ਏ ਉਹ ਐਸੇ ਰੰਗਾਂ ਨੂੰ....

ਹੋਰਾਂ ਦੀ ਮੈਨੂੰ ਕੋਈ ਪਰਵਾਹ ਨਹੀਂ ਸੀ, ਕੋਈ ਨਾਲ ਸੀ ਜਾਂ ਨਹੀਂ ਸੀ, ਕੋਈ ਸਾਥ ਦੇ ਰਿਹਾ ਸੀ ਜਾਂ ਨਹੀਂ ਦੇ ਰਿਹਾ ਸੀ ਤੇ ਕੋਈ ਆਪਣਾ ਸੀ ਜਾਂ ਨਹੀਂ.... ਇਸ ਨਾਲ ਮੈਨੂੰ ਕੋਈ ਫ਼ਰਕ ਨਹੀਂ ਸੀ ਪੈਂਦਾ....

ਕਿਸੇ ਨੇ ਚੰਗੀ ਕੀਤੀ ਜਾਂ ਮਾੜੀ ਕੀਤੀ ਤੇ ਜੇ ਮਾੜੀ ਕੀਤੀ ਤਾਂ ਕਿਉਂ ਕੀਤੀ....ਮੈਂ ਜਾਨਣਾ ਨਹੀਂ ਸੀ ਚਾਹੁੰਦੀ....ਮੈਨੂੰ ਕਿਸੇ ਤੋਂ ਕੋਈ ਲੈਣਾ-ਦੇਣਾ ਨਹੀਂ ਸੀ ਤੇ ਨਾ ਹੀ ਕਿਸੇ ਦੀ ਪਰਵਾਹ ਸੀ...ਮੈਨੂੰ ਸਿਰਫ਼ ਤੇ ਸਿਰਫ਼ ਇੱਕੋ ਚੀਜ਼ ਚਾਹੀਦੀ ਸੀ....ਤੇਰਾ ਸਾਥ... ਪਰ ਤੂੰ....

ਤੂੰ ਬਹੁਤ ਮਾੜੀ ਕੀਤੀ...ਨਹੀਂ, ਮਾੜੀ ਨਹੀਂ, ਮਾੜੀ ਤੋਂ ਵੀ ਮਾੜੀ ਕੀਤੀ.... ਮੇਰੀ ਫਿੱਕੀ ਜ਼ਿੰਦਗੀ ਨੂੰ ਤੂੰ ਤਾਂ ਬੇ-ਰੰਗ ਹੀ ਕਰ ਗਿਐਂ....

ਤੈਨੂੰ ਤਾਂ ਪਤਾ ਸੀ ਨਾ ਕਿ ਮੈਨੂੰ ਰੰਗ ਕਿੰਨੇ ਪਸੰਦ ਨੇ...' ਗੂੜ੍ਹੇ ਰੰਗ, ਫਿੱਕੇ ਰੰਗ'....ਫਿਰ ਤੈਨੂੰ ਮੈਥੋਂ ਰੰਗ ਖੋਹਣ ਦਾ ਅਧਿਕਾਰ ਕੀਹਨੇ ਦੇ'ਤਾ...? ਮੈਂ ਤਾਂ ਨਹੀਂ ਸੀ ਦਿੱਤਾ ਤੈਨੂੰ ਏਹ ਅਧਿਕਾਰ.... ਫੇਰ ਕਿਉਂ ਮੇਰੇ ਸਾਰੇ ਰੰਗ ਬਿਖੇਰ ਗਿਐਂ...? ਕਿਉਂ ਉਜਾੜਾ ਪਾ ਗਿਐਂ ਮੇਰੀ ਜ਼ਿੰਦਗੀ 'ਚ...? ਕਿਉਂ ਸਭ ਬੇ-ਰੰਗ ਕਰ ਗਿਐਂ..?

ਚਿੱਟੇ ਰੰਗ ਦੀ ਝੱਗ ਨਿਕਲੀ ਸੀ, ਉਸ ਦਿਨ ਤੇਰੇ ਮੂੰਹੋਂ... ਤੇ ਫਿਰ ਉਸ ਦਿਨ ਤੋਂ ਬਾਅਦ ਅੱਜ ਤਾਈਂ ਮੇਰੀ ਚਿੱਟੀ ਚੁੰਨੀ ਨੂੰ ਕਦੇ ਕੋਈ ਰੰਗ ਹੀ ਨਹੀਂ ਚੜ੍ਹਿਆ......

www.PunjabiLibrary.com

## .....ਅਜੀਬ ਮਰਜ਼ ਦਾ ਮਰੀਜ਼.....

" ਇਹ ਤਾਂ ਕੋਈ ਅਜੀਬ ਮਰਜ਼ ਦਾ ਮਰੀਜ਼ ਏ..... ਲੈ ਜਾਓ ਇਹਨੂੰ ਇਥੋਂ, ਏਹਦਾ ਮਰਜ਼ ਮੇਰੇ ਵੱਸ-ਪੱਲੇ ਦਾ ਤਾਂ ਹੈ ਨ੍ਹੀ...." ਡਾਕਟਰ ਰਮਨ ਘਰ ਦਿਆਂ ਦੀ ਸ਼ਾਇਦ ਆਖ਼ਿਰੀ ਉਮੀਦ ਸੀ, ਤਾਹੀਓਂ ਤਾਂ ਘਰ ਦੇ ਮੈਨੂੰ ਚੁੱਪ -ਚਾਪ ਕਲੀਨਿਕ ਤੋਂ ਘਰ ਲੈ ਗਏ...

ਨਹੀਂ ਤਾਂ ਹੁਣ ਤੱਕ ਮੇਰੇ ਘਰ ਦਿਆਂ ਨੇ ਮੈਨੂੰ ਜਿੰਨੇ ਵੀ ਡਾਕਟਰਾਂ, ਡੇਰਿਆਂ ਤੇ ਬਾਬਿਆਂ ਕੋਲ ਵਿਖਾਇਆ ਸੀ, ਅੱਗੋਂ ਉਹਨਾਂ ਸਭ ਦਾ ਆਹੀ ਰਟਿਆ-ਰਟਾਇਆ ਜਿਆ ਜਵਾਬ ਸੁਣ ਕੇ ਅੱਗੋਂ ਮੇਰੇ ਘਰ ਦੇ ਤਾਂ ਉਹਨਾਂ ਦਾ ਗਲ਼ ਫੜ੍ਹਨ ਤੱਕ ਵੀ ਜਾਂਦੇ ਰਹੇ ਸਨ......

" ਇਹਨੂੰ ਕੋਈ ਚੁੜੇਲ ਚੰਬੜ ਗਈ ਲੱਗਦੀ ਏ, ਤਾਹੀਂਓ ਤਾਂ ਇਹੋ ਜਿਹੀਆਂ ਹਰਕਤਾਂ ਪਿਐ ਕਰਦੈ.....ਤੁਸੀਂ ਬੱਸ ਦਸਾਂ ਹਜ਼ਾਰਾਂ ਆਲਾ ਹਵਨ ਕਰਾ ਲਓ...ਫੇਰ ਦੇਖਿਓ ਕਿੱਦਾਂ ਮੈਂ ਚੁੜੇਲ ਦੀਆਂ ਗੁੱਤਣੀਆਂ ਪੱਟਦਾ....

ਮਾਈ, ਜੇ ਤੇਰੇ ਲਾਲ 'ਚੋਂ ਆਹ ਕਾਲੀ-ਪੀਲੀ ਜਿਹੀ ਚੁੜੇਲ ਮੇਰੀ ਬੋਤਲ 'ਚ ਨਾ ਆ ਗਈ, ਤੂੰ ਫੇਰ ਕਹੀਂ....."

ਬਾਬਾ ਭੂਤੂ ਦੀਆਂ ਗੱਲਾਂ 'ਚ ਆ ਗਈ ਸੀ ਮਾਂ ਮੇਰੀ.... ਤਾਹੀਂਓ ਤਾਂ ਮੈਨੂੰ ਲੈ ਗਈ ਸੀ ਓਹਦੇ ਡੇਰੇ.....

" ਫੜ੍ਹ ਲਓ ਓ ਏਹਨੂੰ, ਏਹ ਤਾਂ ਭੱਜੀ ਜਾਂਦੀ ਆ...." ਬਾਬੇ ਭੂਤੂ ਨੇ ਚਿਮਟਾ ਖੜਕਾਇਆ ਤੇ ਉਸਦੇ ਚੇਲੇ ਮੇਰੇ ਪਿੱਛੇ ਇਓਂ ਪੈ ਗਏ ਜਿਵੇਂ ਪੁਲਿਸ ਚੋਰ ਪਿੱਛੇ.....

ਮੈਂ ਭੱਜੇ ਜਾਂਦੇ ਨੇ ਚੱਕ ਕੇ ਚਿਮਟਾ ਬਾਬੇ ਦੀ ਬੱਖੀ ਵਿੱਚ ਜਾ ਮਾਰਿਆ....

ਤੇ ਅੱਗੋਂ ਓਹਨੇ ਓਹੀਓ ਜਵਾਬ ਦਿੱਤਾ ਸੀ, ਜੋ ਡਾਕਟਰ ਰਮਨ ਨੇ ਦਿੱਤਾ ਸੀ.... ਬੱਸ ਫ਼ਰਕ ਇਹ ਸੀ ਕਿ ਡਾਕਟਰ ਨੇ ਆਪਣੇ ਹੱਥ ਖੜ੍ਹੇ ਕਰ ਲਏ ਸਨ ਤੇ ਬਾਬੇ ਨੇ ਆਪਣਾ ਚਿਮਟਾ....

" ਜਿੰਨੇ ਚਲਿੱਤਰ ਕਰਨੇ ਆ ਕਰ ਲਾ... ਬੱਸ ਇੱਕ ਵਾਰੀ ਆਹ ਸੁਆਹ ਤੇਰੇ ਮੱਥੇ ਲੱਗ ਲੈਣ ਦੇ....ਫੇਰ ਵੇਖੀਂ ਕਿੱਦਾਂ ਬਣਾਉਂਦਾ ਤੇਰਾ ਮੋਰ.... ਬਾਬਾ ਨਰਮੀਂ, ਨਰਮ ਲਹਿਜ਼ੇ 'ਚ ਕਹਿ ਰਿਹਾ ਸੀ ਜਾਂ ਮੇਰੇ ਚਲਿੱਤਰ ਵੇਖ ਨਰਮ ਪੈ ਗਿਆ ਸੀ, ਮੈਨੂੰ ਆਪ ਨੂੰ ਵੀ ਨਹੀਂ ਸੀ ਪਤਾ ਲੱਗਿਆ...

ਪਰ ਓਹਦੀਆਂ ਗੱਲਾਂ ਜਿਹੀਆਂ ਸੁਣ ਕੇ ਲੱਗ ਰਿਹਾ ਸੀ ਜਿਵੇਂ ਤਰਲੇ ਕਰ ਰਿਹਾ ਹੋਵੇ... ਮੈਂ ਓਹਦੀ'ਓ ਸੁਆਹ ਓਹਦੇ ਸਿਰ 'ਚ ਪਾ ਕੇ ਓਥੋਂ ਨੌਂ ਦੋ ਗਿਆਰਾਂ ਹੋ ਗਿਆ...

" ਵੇ ਪੁੱਤ ਜੇ ਕੋਈ ਗੱਲ ਆ ਤਾਂ ਮੈਨੂੰ ਦੱਸ ਕਿਉਂ ਨ੍ਹੀ ਦਿੰਦਾ... ਆਖ਼ਿਰ ਮੈਂ ਵੀ ਤਾਂ ਪਿਓ ਹਾਂ ਤੇਰਾ... ਕੋਈ ਦੁਸ਼ਮਣ ਤਾਂ ਨਹੀਂ... ਤਰਸ ਜਿਹਾ ਤਾਂ ਬੜਾ ਆਇਆ ਸੀ ਮੈਨੂੰ ਆਪਣੇ ਹੀ ਬਾਪੂ 'ਤੇ...

ਪਰ ਕੀ ਕਰਦਾ.....ਉਹਨੂੰ ਕੁੱਝ ਦੱਸਦਾ ਵੀ ਤਾਂ ਕੀ ਦੱਸਦਾ...' ਉਹ ਤਾਂ ਮੇਰਾ ਪਿਓ ਸੀ, ਪਰ ਮੈਂ ਤਾਂ ਪਾਪੀ ਸਾਂ.....'

ਕਿੱਦਾਂ ਓਹਨੂੰ ਆਪਣੇ ਪਾਪਾਂ ਦੀ ਗਿਣਤੀ ਕਰਾਉਂਦਾ... ਉਹ ਵੀ ਉਹਨਾਂ ਪਾਪਾਂ ਦੀ, ਜੋ ਕਿਸੇ ਦੀ ਜ਼ਿੰਦਗੀ ਤੱਕ ਲੈ ਗਏ ਸਨ....

***'ਓਹਨੇ ਮੇਰੀ ਜ਼ਿੰਦਗੀ ਤਬਾਹ ਕਰ ਛੱਡੀ ਸੀ,***

***ਜਾਂ ਮੈਂ ਤਬਾਹ ਕਰ ਦਿੱਤੀ ਸੀ ਓਹਦੀ ਜ਼ਿੰਦਗੀ....'***

ਜ਼ਿੰਦਗੀ ਨੇ ਮੈਨੂੰ ਅੱਜ ਤਾਈਂ ਇਹ ਸਮਝਣ ਦਾ ਮੌਕਾ ਹੀ ਨਹੀਂ ਸੀ ਦਿੱਤਾ... ਫੇਰ ਕਿੱਦਾਂ ਮੈਂ ਕਿਸੇ ਨੂੰ ਕੁੱਝ ਦੱਸਦਾ, ਜਦ ਆਪ ਈ ਅਜੇ ਤੱਕ ਕੁੱਝ ਸਮਝ ਨਹੀਂ ਸਾਂ ਪਾਇਆ....

" ਮੈਂ ਮਰ ਜਾਣਾ ਚਾਹੁੰਨੀ ਆਂ ਅਰਮਾਨ , ਮੈਨੂੰ ਮਰਨ ਦੇ...ਨਾ ਰੋਕ ਮੈਨੂੰ... ਮੈਂ ਤੈਥੋਂ ਬਿਨਾਂ ਕਿਸੇ ਹੋਰ ਦੀ ਕਦੇ ਵੀ ਨ੍ਹੀ ਹੋ ਸਕਦੀ....ਕਿਸੇ ਹੋਰ ਦੀ ਹੋ ਕੇ ਹਰ ਪਲ... ਹਰ ਘੜੀ.... ਤਿਲ-ਤਿਲ ਮਰਨ ਨਾਲੋਂ ਤਾਂ ਚੰਗਾ ਏ ਕਿ ਮੈਂ ਇੱਕੋ ਵਾਰੀ ਆਪਣੇ-ਆਪ ਨੂੰ ਮਾਰ ਦਿਆਂ.... ਜੇ ਜਿਉਂਦੀ ਵੀ ਰਹੀ ਤਾਂ ਵੀ ਕਿਹੜਾ ਆਪਾਂ ' ਦੋ ਰੂਹਾਂ ਇੱਕ ਜਾਨ' ਹੋ ਪਾਉਣਾ.....

ਅਰਮਾਨ ਮੇਰਾ ਪਿਆਰ ਸੱਚਾ ਏ ਤੇ ਸੁੱਚਾ ਵੀ... ਜੇ ਮੈਂ ਤੇਰੀ ਨਹੀਂ ਹੋ ਸਕਦੀ ਤਾਂ ਕਿਸੇ ਹੋਰ ਦੀ ਹੋ ਕੇ ਮੈਂ ਆਪਣਾ ਪਿਆਰ ਗੰਧਲਾ ਨਹੀਂ ਹੋਣ ਦਿਆਂਗੀ.....ਮੈਨੂੰ ਨਾ ਰੋਕ ਅਰਮਾਨ.. ਮੈਨੂੰ ਨਾ ਰੋਕ......"

ਇਹ ਕਹਿੰਦਿਆਂ ਹੀ ਜ਼ਰੀਨਾ ਨੇ ਮਿੱਟੀ ਦਾ ਤੇਲ ਖ਼ੁਦ 'ਤੇ ਪਾ ਲਿਆ ਤੇ ਤੀਲੀ ਲੱਗਦਿਆਂ ਹੀ ਅੱਗ ਦੇ ਭਾਂਬੜ ਮੱਚ ਪਏ... ਅੱਗ ਦੇ ਉਹ ਭਾਂਬੜ ਤਾਂ ਉਸ ਦਿਨ

ਕੁੱਝ ਪਲਾਂ 'ਚ ਸ਼ਾਂਤ ਹੋ ਗਏ ਸਨ,ਪਰ ਮੇਰੇ ਦਿਲ 'ਚ ਮੱਚਦੇ ਹਿਜ਼ਰ ਦੀ ਅੱਗ ਦੇ ਭਾਂਬੜ ਅੱਜ ਤਾਈਂ ਵੀ ਠੰਡੇ ਨਹੀਂ ਪੈ ਸਕੇ.....

"ਅਰਮਾਨ ਮੈਂ ਤੈਨੂੰ ਬੇਇੰਤਹਾ ਮੋਹੱਬਤ ਕਰਦੀ ਹਾਂ...ਹੁਣ ਜੇ ਮੈਂ ਜਿਆਂਗੀ ਤਾਂ ਸਿਰਫ਼ ਤੇ ਸਿਰਫ਼ ਤੇਰੇ ਲਈ ਜਿਆਂਗੀ....

ਤੂੰ ਮੇਰੀ ਜ਼ਿੰਦਗੀ ਏਂ ਅਰਮਾਨ...ਮੈਨੂੰ ਆਪਣੇ ਗਲ਼ ਨਾਲ ਲਾ ਲੈ.... ਭਰ ਲੈ ਮੈਨੂੰ ਆਪਣੇ ਕਲਾਵੇ 'ਚ.... ਤਾਂ ਜੋ ਮੈਨੂੰ ਅੱਗੋਂ ਮੌਤ ਦੇ ਕਲਾਵੇ ਦਾ ਵੀ ਡਰ ਨਾ ਰਹੇ... ਖ਼ੁਦਾ ਜਾਣੈ, ਮਰ ਕੇ ਮੈਨੂੰ ਜੰਨਤ ਨਸੀਬ ਹੋਵੇਗੀ ਜਾਂ ਨਹੀਂ... ਪਰ ਜੀਊਂਦੇ ਜੀਅ ਤਾਂ ਤੂਹੀਓਂ ਮੇਰੀ ਜੰਨਤ ਏਂ...."

ਜ਼ਰੀਨਾ ਨੇ ਆਪਣੇ ਪਿਆਰ ਦਾ ਇਜ਼ਹਾਰ ਕਰ ਦਿੱਤਾ ਸੀ ਤੇ ਮੈਂ ਓਹਦੀਆਂ ਗੱਲਾਂ ਇਉਂ ਸੁਣ ਰਿਹਾ ਸਾਂ ਜਿਵੇਂ ਕੋਈ ਭਗਤ ਕਿਸੇ ਸਾਧ ਦਾ ਪ੍ਰਵਚਨ ਸੁਣ ਰਿਹਾ ਹੋਵੇ.....

" ਜ਼ਰੀਨਾ ਮੈਨੂੰ ਤੇਰੇ ਵਾਂਗ ਆਪਣੀ ਮੁਹੱਬਤ ਦਾ ਇਜ਼ਹਾਰ ਤਾਂ ਨਹੀਂ ਕਰਨਾ ਆਉਂਦਾ ਤੇ ਨਾ ਹੀ ਤੇਰੇ ਵਾਂਗੂ ਖ਼ੂਬਸੂਰਤ ਲਫ਼ਜ਼ਾਂ ਨੂੰ ਲੜੀ 'ਚ ਪਰੋਣਾ ਆਉਂਦੈ... ਪਰ ਹਾਂ, ਮੈਂ ਵੀ ਤੈਨੂੰ ਬਹੁਤ ਪਿਆਰ ਕਰਦਾ ਹਾਂ.....

ਤੂੰ ਮੈਨੂੰ ਆਪਣੀ ਜ਼ਿੰਦਗੀ ਬਣਾ ਲਿਆ ਏ, ਹੁਣ ਮੈਂ ਵੀ ਆਪਣੀ ਸਾਰੀ ਜ਼ਿੰਦਗੀ ਸਿਰਫ਼ ਤੇ ਸਿਰਫ਼ ਤੇਰਾ ਹੋ ਕੇ ਰਹਾਂਗਾ..."

ਮੈਂ ਜ਼ਰੀਨਾ ਨੂੰ ਆਪਣੇ ਕਲਾਵੇ 'ਚ ਭਰ ਲਿਆ ਤੇ ਉਹ ਅੱਗੋਂ ਇਓਂ ਖੁਸ਼ ਹੋਈ ਜਿਵੇਂ ਸੱਚਮੁੱਚ ਹੀ ਉਸਨੂੰ ਕੋਈ ਜੰਨਤ ਮਿਲ ਗਈ ਹੋਵੇ.....

" ਜ਼ਰੀਨਾ ਅੱਜ ਤੋਂ ਤੂੰ ਸਿਰਫ਼ ਮੇਰੀ ਏਂ ਤੇ ਮੈਂ ਤੇਰਾ... ਨਾ ਮੈਂ ਕਦੇ ਤੈਥੋਂ ਵੱਖ ਹੋਵਾਂਗਾ ਤੇ ਨਾ ਤੈਨੂੰ ਹੋਣ ਦਿਆਂਗਾ... ਆਪਾਂ ਇੱਕ ਨਵੀਂ ਜ਼ਿੰਦਗੀ ਉਸਾਰਾਂਗੇ.... ਜਿਸ ਵਿੱਚ ਇੱਕ ਮੈਂ ਹੋਵਾਂਗਾ ਤੇ ਇੱਕ ਤੂੰ....ਸਾਡੇ ਦਰਮਿਆਂ ਹੋਰ ਕੋਈ ਨ੍ਹੀ ਹੋਵੇਗਾ ਤੇ ਜੇ ਹੋਵੇਗਾ ਵੀ ਤਾਂ ਸਿਰਫ਼ ਤੇ ਸਿਰਫ਼ ਪਿਆਰ... ਜੋ ਤੂੰ ਮੈਨੂੰ ਕਰਦੀ ਏਂ ਤੇ ਜੋ ਮੈਂ ਤੈਨੂੰ ਕਰਦਾ ਹਾਂ......

ਇਸ ਜ਼ਿੰਦਗੀ ਵਿੱਚ ਆਪਾਂ ਦੋਹਾਂ ਦੇ ਸਾਰੇ ਦੁੱਖ-ਸੁੱਖ ਸਾਂਝੇ ਹੋਣਗੇ... ਮੇਰੇ ਸੁੱਖ ਤੇਰੇ ਹੋਣਗੇ ਤੇ ਤੇਰੇ ਦੁੱਖ ਮੇਰੇ ਹੋਣਗੇ...ਮੈਂ ਲੱਗਦੀ ਵਾਅ ਤੈਨੂੰ ਤੱਤੀ ਵਾ' ਨ੍ਹੀ ਲੱਗਣ ਦਿੰਦਾ...... ਹੁਣ ਜੀਵਾਂਗੇ ਵੀ 'ਕੱਠੇ ਤੇ ਜੇ ਮਰੇ ਤਾਂ ਮਰਾਂਗੇ ਵੀ 'ਕੱਠੇ....." ਮੇਰੀਆਂ ਗੱਲਾਂ ਸੁਣ ਕੇ ਜ਼ਰੀਨਾ ਦੇ ਮੂੰਹ 'ਤੇ ਇਹੋ ਜਿਹਾ ਸਕੂਨ ਸੀ ਜਿਵੇਂ ਉਹ ਮੁੱਦਤਾਂ ਤੋਂ ਮੇਰੀਆਂ ਇਹੀ ਗੱਲਾਂ ਸੁਣਨਾ ਚਾਹੁੰਦੀ ਸੀ....

" ਵੇ ਕਿਉਂ ਮੈਨੂੰ ਜਿਉਂਦੇ-ਜੀਅ ਮਾਰ ਰਿਹੈਂ...ਕਿਉਂ ਦੁਸ਼ਮਣ ਬਣ ਗਿਐਂ ਮੇਰਾ... ਤੈਨੂੰ ਕੋਈ ਲਾਜ-ਸ਼ਰਮ ਹੈ ਜਾਂ ਨਹੀਂ.... ਜਾਣਦਾ ਵੀ ਏਂ ਤੂੰ, ਜਿਹੜੀ ਕੁੜੀ ਨੂੰ ਨੂੰਹ ਬਣਾ ਕੇ ਏਸ ਘਰੇ ਲਿਆਉਣ ਨੂੰ ਫਿਰਦੈਂ, ਉਹ ਕਿਸੇ ਹੋਰ ਮਜ਼ੵਬ ਦੀ ਏ ਤੇ ਸਾਡੀ ਜਾਤ-ਧਰਮ ਕੋਈ ਹੋਰ ਏ....ਸਾਡਾ ਮਜ਼ੵਬ ਤੇਰੀ ਆਹ ਮੋਹੱਬਤ ਕਬੂਲ ਨਹੀਂ ਕਰੇਗਾ..... ਚੰਗਾ ਹੋਊ ਜੇ ਤੂੰ ਓਹਦਾ ਖਹਿੜਾ ਛੱਡ ਦੇਂ.... ਨਹੀਂ ਤਾਂ ਮੈਥੋਂ ਬੁਰਾ ਫੇਰ ਕੋਈ ਨਹੀਂ....."

ਆਪਣੇ ਪਿਓ ਦੀਆਂ ਗੱਲਾਂ 'ਤੇ ਅਮਲ ਕਰਨਾ ਮੇਰੀ ਮਜ਼ਬੂਰੀ ਸੀ, ਪਰ ਮੈਂ ਆਪਣਾ ਪਿਆਰ ਗੁਆਉਣਾ ਵੀ ਨਹੀਂ ਸੀ ਚਾਹੁੰਦਾ.....

" ਤੇਰੇ ਲੱਛਣਾਂ ਦੀ ਸੂਹ ਜੇ ਕਿਤੇ ਤੇਰੇ ਅੱਬਾ ਨੂੰ ਲੱਗ ਗਈ ਨਾ, ਤਾਂ ਉਹ ਤਾਂ ਤੈਨੂੰ ਜਿਉਂਦੇ-ਜੀਅ ਹੀ ਮਾਰ ਦਊ... ਜੇ ਆਪਣੀ ਤੇ ਆਪਣੇ ਉਸ ਆਸ਼ਕ ਦੀ ਖ਼ੈਰ ਮੰਗਦੀ ਏਂ ਤਾਂ ਟਲ ਜਾ...ਅਜੇ ਵੀ ਵਖ਼ਤ ਏ...ਟਲ ਜਾ...."

ਜ਼ਰੀਨਾ ਦੀ ਅੰਮੀ ਜੇਸ ਗੁਨਾਹ ਤੋਂ ਉਸਨੂੰ ਵਰਜ਼ ਰਹੀ ਸੀ, ਉਹ ਤਾਂ ਜ਼ਰੀਨਾ ਕਦ ਦਾ ਕਰ ਚੁੱਕੀ ਸੀ..ਜ਼ਰੀਨਾ ਮੇਰੇ ਨਾਲ ਜੀਣ-ਮਰਨ ਦੀਆਂ ਸੌਂਹਾਂ ਖਾ ਚੁੱਕੀ

ਸੀ ਤੇ ਮੋਹੱਬਤ ਦੀ ਜਿਸ ਰਾਹੇ ਉਹ ਚੱਲ ਪਈ ਸੀ,ਹੁਣ ਉਸ ਰਾਹ ਤੋਂ ਪਿੱਛੇ ਮੁੜਨਾ ਉਸ ਲਈ 'ਬੇ-ਵਫ਼ਾਈ' ਸੀ....

ਇਹ ਸੋਚ ਕੇ ਜ਼ਰੀਨਾ ਉਸ ਰਾਤ ਬਹੁਤ ਰੋਈ....

" ਬੇਗ਼ਮ ਆਪਣੀ ਬੇਟੀ ਹੁਣ ਵਿਆਉਣ ਯੋਗ ਹੋ ਗਈ ਏ, ਮੈਂ ਇੱਕ ਚੰਗਾ ਰਿਸ਼ਤਾ ਤਲਾਸ਼ ਕਰ ਲਿਆ ਏ, ਜੇ ਤੂੰ ਕਹੇਂ ਤਾਂ ਆਪਾਂ ਆਪਣੀ ਬੇਟੀ ਦਾ ਨਿਗਾਹ ਉਸ ਨਾਲ ਪੜ੍ਹਵਾ ਦੇਈਏ.."

ਜ਼ਰੀਨਾ ਦੇ ਅੱਬੂ ਨੇ ਬੱਸ ਰਸਮੀ ਤੌਰ 'ਤੇ ਹੀ ਜ਼ਰੀਨਾ ਦੀ ਅੰਮੀ ਨੂੰ ਪੁੱਛਿਆ ਸੀ ਕਿ ਕੀ ਉਹ ਏਸ ਰਿਸ਼ਤੇ ਨੂੰ ਪਸੰਦ ਕਰੇਗੀ, ਪਰ ਮਨੋਂ ਤਾਂ ਜ਼ਰੀਨਾ ਦੇ ਅੱਬੂ ਨੇ ਪੱਕਾ ਕਰ ਲਿਆ ਸੀ ਕਿ ਜ਼ਰੀਨਾ ਦਾ ਨਿਗਾਹ ਇੱਥੇ ਹੀ ਕਰਨਾ ਏ......

ਫੇਰ ਉਹ ਹੋਇਆ ਜੋ ਕਿਸੇ ਨੇ ਸੋਚਿਆ ਵੀ ਨਹੀਂ ਸੀ...ਜ਼ਰੀਨਾ ਏਸ ਨਿਗਾਹ ਲਈ ਰਜ਼ਾਮੰਦ ਨਹੀਂ ਸੀ ਤੇ ਜ਼ਬਰੀਂ ਨਿਗਾਹ ਪੜ੍ਹਾਵਣ ਦੀ ਧਮਕੀ ਦੇਣ 'ਤੇ ਜ਼ਰੀਨਾ ਨੇ ਖ਼ੁਦ ਨੂੰ ਅੱਗ ਲਾ ਲਈ....

ਇਹ ਸਭ ਉਸਦੇ ਨਿਗਾਹ ਵਾਲੇ ਦਿਨ ਹੋਇਆ ਤੇ ਇਹ ਵਾਕਿਆ ਮੇਰੀਆਂ ਅੱਖਾਂ ਸਾਹਵੇਂ ਹੀ ਹੋਇਆ, ਕਿਉਂਕਿ ਮੈਨੂੰ ਵੀ ਜ਼ਰੀਨਾ ਨੇ ਆਪਣੇ ਨਿਗਾਹ ਵਿੱਚ ਸ਼ਰੀਕ ਹੋਣ ਲਈ ਸੱਦਿਆ ਸੀ....

ਜਦ ਉਹ ਖ਼ੁਦ ਨੂੰ ਅੱਗ ਦੇ ਹਵਾਲੇ ਕਰਨ ਲੱਗੀ ਸੀ ਤਾਂ ਮੈਂ ਉਸਨੂੰ ਇਹ ਕਰਨ ਤੋਂ ਵਰਜਿਆ ਜ਼ਰੂਰ ਸੀ, ਪਰ ਬਚਾਅ ਨਹੀਂ ਸੀ ਸਕਿਆ...

" ਤੂੰ ਪਾਪੀ ਏਂ.... ਗੁਨਾਹਗਾਰ ਏਂ ਮੇਰੀ ਮੁਹੱਬਤ ਦਾ.... ਝੂਠਾ ਏਂ ਤੂੰ... ਤੇਰੀਆਂ ਜੀਣ-ਮਰਨ ਦੀਆਂ ਸੌਹਾਂ ਸਭ ਝੂਠੀਆਂ ਨੇ...ਤੇਰਾ ਤਾਂ ਵਜੂਦ ਈ ਝੂਠਾ ਏ...ਲਾਹਨਤ ਏ ਤੇਰੇ 'ਤੇ .....ਲਾਹਨਤ ਏ...."

ਸੁਫ਼ਨੇ 'ਚ ਕਿਸੇ ਨੇ ਮੈਨੂੰ ਇਹ ਲਾਹਨਤ ਪਾਈ ਤੇ ਮੈਂ ਨੀਂਦ ਤੋਂ ਉੱਠ ਖੜ੍ਹੋਤਾ... ਫੇਰ ਤਾਂ ਇਹ ਲਾਹਨਤਾਂ ਮੈਨੂੰ ਹਰ ਦਿਨ ਹੀ ਪੈਣ ਲੱਗੀਆਂ ਤੇ ਮੈਂ ਨਿੱਤ ਕੋਈ ਨਵਾਂ ਚਲਿੱਤਰ ਕਰਦਾ ਰਿਹਾ....

" ਹਾਂ, ਮੈਂ ਸੱਚਮੁੱਚ ਪਾਪੀ ਹਾਂ.... ਪਰ ਮੈਂ ਕੋਈ ਇੱਕ ਪਾਪ ਨਹੀਂ ਕੀਤਾ....ਸਗੋਂ ਮੇਰੇ ਤਾਂ ਪਾਪਾਂ ਦਾ ਅੰਤ ਹੀ ਨ੍ਹੀ... ਮੈਂ ਝੂਠਾ ਹਾਂ, ਜੋ ਜੀਣ-ਮਰਨ ਦੀਆਂ ਝੂਠੀਆਂ

ਸੌਹਾਂ ਖਾਂਦਾ ਰਿਹਾ ਤੇ ਜਦ ਮਰਨ ਦਾ ਵੇਲ਼ਾ ਆਇਆ, ਮੈਂ ਆਪਣੇ ਪਿਆਰ ਨੂੰ 'ਕੱਲਾ ਛੱਡ ਦਿੱਤਾ...

ਕਿਉਂ ਨ੍ਹੀ ਮਰਿਆ ਮੈਂ ਓਹਦੇ ਨਾਲ....? ਮੈਂ ਗੁਨਾਹਗਾਰ ਹਾਂ, ਓਹਦੀ ਮੁਹੱਬਤ ਦਾ....ਜੋ ਓਹਦੇ ਨਾਲ ਨਿਗਾਹ ਤਾਂ ਕੀ ਕਰਾਉਣਾ ਸੀ, ਓਹਦਾ ਕਿਸੇ ਹੋਰ ਨਾਲ ਹੋ ਰਿਹਾ ਨਿਗਾਹ ਵੀ ਨ੍ਹੀ ਰੋਕ ਸਕਿਆ....

ਹੋਰ ਤਾਂ ਹੋਰ ਓਹਦੇ ਨਿਗਾਹ 'ਚ ਸ਼ਰੀਕ ਹੋਣ ਚਲਾ ਗਿਆ... ਮੈਨੂੰ ਸ਼ਰਮ ਕਿਉਂ ਨਾ ਆਈ ਉਸ ਵੇਲ਼ੇ....? ਕਿਉਂ ਨਾ ਉਸ ਵੇਲ਼ੇ ਸ਼ਰਮ ਨਾਲ ਈ ਮਰ ਗਿਆ ਮੈਂ...?

ਕਾਤਲ ਹਾਂ ਮੈਂ ਕਾਤਲ.... ਜੀਹਨੇ ਆਪਣੇ ਹੀ ਪਿਆਰ ਦੀ ਜ਼ਿੰਦਗੀ ਖੋਹ ਲਈ ਤੇ ਆਪ ਬੇਸ਼ਰਮਾਂ ਵਾਂਗ ਜੀਉਂਦਾ ਫਿਰਦਾ... ਸੱਚਮੁੱਚ ਲਾਹਨਤ ਏ ਮੇਰੀ ਏਸ ਜ਼ਿੰਦਗੀ 'ਤੇ... ਮੈਨੂੰ ਜੀਣ ਦਾ ਕੋਈ ਅਧਿਕਾਰ ਨਹੀਂ .....

ਮੌਤ ਮੈਨੂੰ ਸੌਖੀ ਲੱਗਦੀ ਏ, ਜਿਸ ਨਾਲ ਮੈਂ ਸਦਾ-ਸਦਾ ਲਈ ਏਸ ਲਾਹਨਤ ਤੇ ਅਪਮਾਨ ਭਰੀ ਜ਼ਿੰਦਗੀ ਤੋਂ ਮੁਕਤ ਹੋ ਜਾਵਾਂਗਾ....

ਪਰ ਮੈਂ ਮੁਕਤ ਨਹੀਂ ਹੋਣਾ ਚਾਹੁੰਦਾ... ਮੈਂ ਤਾਂ ਆਪਣੇ ਪਾਪਾਂ ਦਾ ਭੁਗਤਾਨ ਪਿਆਂ ਕਰਦਾਂ....ਲੋਕੀਂ ਆਖਦੇ ਨੇ ਇਹ ਕੋਈ ਅਜੀਬ ਮਰਜ਼ ਦਾ ਮਰੀਜ਼ ਏ...ਪਰ ਮੈਂ ਜਾਣਦਾ ਮੈਨੂੰ ਕਿਹੜਾ ਮਰਜ਼ ਏ.....!

## ......ਚੁੱਪ-ਚੁਪੀਤੇ......

ਮੈਂ ਓਹਨੂੰ ਕਦੇ ਦੱਸਿਆ ਨਹੀਂ ਸੀ ਕਿ ਮੈਂ ਕਿਸੇ ਹੋਰ ਨੂੰ ਪਿਆਰ ਕਰਦਾਂ,ਪਰ ਕਮਲੀ ਸਮਝਦੀ ਸਭ ਸੀ...ਉਸ ਰਾਤ ਵੀ ਪੈ ਗਈ ਸੀ, ਉਹ ਚੁੱਪ-ਚੁਪੀਤੇ... ਜਿਸ ਰਾਤ ਮੈਂ ਆਪ ਚੁੱਪ-ਚੁਪੀਤੇ ਘਰ ਵੜ੍ਹਿਆ ਸੀ...ਸੋਚਦਾ ਸੀ ਕਿ ਸ਼ਾਇਦ ਓਹਨੂੰ ਪਤਾ ਨ੍ਹੀ ਲੱਗਿਆ...

ਪਤਾ ਨਹੀਂ... ਗੁੱਸੇ ਵੀ ਸੀ ਜਾਂ ਨਹੀਂ... ਪਰ ਜ਼ਾਹਰ ਤਾਂ ਕੀਤਾ ਨਹੀਂ ਸੀ ਉਸਨੇ... ਮੈਂ ਵੀ ਫੇਰ ਚੁੱਪ-ਚੁਪੀਤੇ ਪੈ ਗਿਆ ਸੀ ਸਭ ਦੇਖਿਆ ਵੀ ਅਣਦੇਖਿਆ ਕਰਕੇ.... ਸਮਾਨ ਤਾਂ ਬਥੇਰਾ ਸਜਾਇਆ ਸੀ ਉਸਨੇ ਮੇਜ਼ 'ਤੇ.... ਸ਼ਾਇਦ ਮਹਿਮਾਨ ਵੀ ਸੱਦੇ ਹੋਣਗੇ... ਵਿਆਹ ਦੀ ਵਰ੍ਹੇਗੰਢ ਜੋ ਸੀ ਸਾਡੀ...

ਜੱਗ-ਮਗਾਉਂਦੀਆਂ ਮੋਮਬੱਤੀਆਂ ਜਿਹੀਆਂ ਤਾਂ ਮੈਨੂੰ ਵੀ ਦਿਸੀਆਂ ਸਨ....ਪਰ ਖਾਧੀ-ਪੀਤੀ 'ਚ ਮੈਨੂੰ ਕਿਹੜਾ ਯਾਦ ਰਹਿੰਦੈ ਕੁੱਝ....

ਅਗਲੀ ਸਵੇਰ ਜਦ ਉਹ ਸਮਾਨ 'ਕੱਠਾ ਕਰ ਰਹੀ ਸੀ ,ਤਾਂ ਜਾ ਕੇ ਮੈਨੂੰ ਕਿਤੇ ਯਾਦ ਆਇਆ ਕਿ ਕੱਲ੍ਹ ਸਾਡੀ ਵਿਆਹ ਦੀ ਵਰ੍ਹੇਗੰਢ ਸੀ...ਰੋਂਦੀ ਮੈਨੂੰ ਉਹ ਚੰਗੀ ਨਹੀਂ ਸੀ ਲੱਗਦੀ... ਉਹ ਨਹੀਂ....'ਉਹ' ਯਾਨਿ 'ਰੂਹੀ'...

ਇਹ ਪਹਿਲੀ ਵਾਲੀ 'ਉਹ' ਤਾਂ ਤੁਸੀਂ ਸਮਝ ਹੀ ਗਏ ਹੋਵੋਗੇ ਕਿ ਕੌਣ ਏ....ਹਾਂ! ਮੇਰੀ ਧਰਮ-ਪਤਨੀ 'ਰੂਪ'...ਸੋਹਣੀ ਸੀ, ਪਰ ਮੇਰੇ ਲਈ ਮੇਰੀ ਸੁੰਦਰਤਾ ਦੇ ਅਰਥ ਕੁੱਝ ਹੋਰ ਸਨ... ਰੂਪ ਮੈਨੂੰ ਬਹੁਤ ਚੰਗੀ ਤਰਾਂ ਜਾਣਦੀ ਸੀ, ਮੇਰੀ ਰੂਹ ਦੀ ਵਾਕਫ਼ ਸੀ...ਪਰ ਮੈਂ ਰੂਹੀ ਦੇ ਰੂਪ-ਜਾਲ 'ਚ ਹੀ ਫਸਿਆ ਰਿਹਾ...

"ਮੇਰੀ ਇੱਕ ਸੋਨੇ ਦੀ ਵਾਲ਼ੀ ਕਿੱਥੇ ਗਈ...?"ਸੁਆਲ ਪੁੱਛਿਆ ਸੀ ਓਹਨੇ ਯਾਨਿ ਰੂਪ ਨੇ...ਪਰ ਮੈਂ ਦੁੰਨ-ਵੱਟਾ ਬਣੀ ਬੈਠਾ ਰਿਹਾ, ਜਿਵੇਂ ਰੂਪ ਨੇ ਕੰਧਾਂ ਨੂੰ ਇਹ ਸੁਆਲ ਪੁੱਛਿਆ ਹੋਵੇ...

ਕੋਈ ਦਹੀਂ ਜਮਾ ਕੇ ਨਹੀਂ ਬੈਠਾ ਹੋਇਆ ਸੀ ਮੈਂ ਆਪਣੇ ਮੂੰਹ 'ਚ... ਪਰ ਜੁਆਬ ਵੀ ਕੀ ਦਿੰਦਾ ਓਹਨੂੰ ਅੱਗੋਂ... ਸਤੀ-ਸਾਵਿੱਤਰੀ ਸੀ ਉਹ ਤਾਂ... ਜੋ ਕਹਿੰਦਾ ਮੰਨ ਲੈਂਦੀ... ਪਰ ਮੈਂ ਨਹੀਂ ਸੀ ਕੋਈ ਸੱਤਿਆਵਾਦੀ...ਜੋ ਓਹਨੂੰ ਇਹ ਸੱਚ ਆਖ ਦਿੰਦਾ ਕਿ ਮੈਂ ਤੇਰੀ ਵਾਲ਼ੀ ਰੂਹੀ ਨੂੰ ਦੇ ਦਿੱਤੀ ਏ, ਨੱਥ ਬਨਵਾਉਣ ਲਈ......

ਰੂਹੀ ਦਾ ਨਾਂ ਲਿਖਿਆ ਹੋਇਆ ਆਇਆ ਸੀ ਸਕਰੀਨ 'ਤੇ, ਜਦ ਮੇਰੇ ਫ਼ੋਨ ਦੀ ਘੰਟੀ ਵੱਜੀ ਸੀ...ਮੈਂ ਤਾਂ ਮਸਤ ਹੋਇਆ ਗੁਸਲਖਾਨੇ 'ਚ ਨ੍ਹਾਉਂਦਾ ਪਿਆ ਸੀ ਤੇ ਰੂਪ ਨੇ ਪੜ੍ਹ ਲਿਆ ਸੀ ਨਾਂ, ਰੂਹੀ ਦਾ....

" ਥੋੜਾ ਫ਼ੋਨ ਵੱਜਦਾ ਜੀ......" ਆਖ ਕੇ ਉਹ ਉਸ ਦਿਨ ਵੀ ਚਲੀ ਗਈ ਸੀ ਕਮਰੇ 'ਚੋਂ ਚੁੱਪ-ਚੁਪੀਤੇ....

" ਅੱਗੇ ਤੋਂ ਮੇਰੀ ਕਿਸੇ ਚੀਜ਼ ਨੂੰ ਹੱਥ ਨਾ ਲਾਈਂ..."ਮੈਂ ਉਸਨੂੰ ਆਪਣੀਆਂ ਚੀਜ਼ਾਂ ਨੂੰ ਛੇੜਨ ਤੋਂ ਵਰਜਿਆ ਸੀ ਜਾਂ ਧਮਕੀ ਦਿੱਤੀ ਸੀ, ਪਤਾ ਨਹੀਂ...! ਪਰ ਮੈਨੂੰ ਸੱਚ-ਮੁੱਚ ਹੀ ਗੁੱਸਾ ਚੜ੍ਹ ਗਿਆ ਸੀ, ਉਸ 'ਤੇ.... ਜਦ ਉਸਨੇ ਮੇਰੇ ਤੋਹਫ਼ੇ ਨੂੰ ਹੱਥ ਲਾਇਆ ਸੀ... ਉਹ ਤੋਹਫ਼ਾ ਜੋ ਮੈਂ ਰੂਪ ਲਈ ਨਹੀਂ, ਰੂਹੀ ਲਈ ਲਿਆਇਆ ਸੀ....

ਭੋਲੀ, ਸਮਝਦੀ ਹੋਊ ਕਿ ਇਹ ਤੋਹਫ਼ਾ ਮੈਂ ਉਸ ਲਈ ਲਿਆਇਆ ਹਾਂ... ਜਾਂ ਸ਼ਾਇਦ ਬੱਸ ਦੇਖਣਾ ਹੀ ਚਾਹੁੰਦੀ ਸੀ ਉਹ ਤਾਂ ਉਸ ਤੋਹਫ਼ੇ ਨੂੰ....! ਉਹ ਵੀ ਚੁੱਪ-ਚੁਪੀਤੇ.....

"ਪੁੱਤ ਕਦੇ ਦੋ ਘੜੀ ਬਹਿ ਵੀ ਜਾਇਆ ਕਰ ਓਹਦੇ ਕੋਲ, ਦੇਖ ਕਿਵੇਂ ਸਾਰਾ ਦਿਨ ਕੰਮ ਕਰਦੀ ਰਹਿੰਦੀ ਏ ਵਿਚਾਰੀ...." ਮੇਰੀ ਮਾਂ ਯਾਨਿ ਰੂਪ ਦੀ ਸੱਸ ਨੇ ਤਾਅਨਾ ਮਾਰਿਆ ਸੀ ਮੈਨੂੰ...

ਪਰ ਮੈਂ ਆਪਣੀ ਮਾਂ ਦੀ ਗੱਲ ਇੰਝ ਅਣਗੌਲਿਆ ਕਰ 'ਤੀ ਸੀ ਜਿਵੇਂ ਮੈਂ ਰੂਪ ਨੂੰ ਕਰਦਾ ਆਇਆ ਸੀ....ਅੱਕ ਗਈ ਸੀ ਮੇਰੀ ਮਾਂ ਵੀ ਮੈਥੋਂ... ਜੋ ਉਸਨੂੰ ਦੋ ਪਲ ਵੀ ਨਹੀਂ ਸੀ ਦਿੰਦਾ ਖ਼ੁਦ ਨਾਲ ਗੱਲ ਕਰਨ ਦੇ...

ਦੇਰ ਰਾਤ ਤੱਕ ਮੇਰੀ ਮਾਂ ਉਡੀਕ ਕਰਦੀ ਰਹਿੰਦੀ ਤੇ ਜਦ ਥੱਕ ਜਾਂਦੀ ਆਪਣੇ ਕਮਰੇ 'ਚ ਜਾ ਕੇ ਸੌਂ ਜਾਂਦੀ... ਪਰ 'ਕੱਲੀ ਮੇਰੀ ਮਾਂ ਹੀ ਨਹੀਂ....ਸ਼ਾਇਦ ਮੇਰੀ ਪਤਨੀ ਰੂਪ ਤੇ ਮੇਰੀ ਮਾਂ ਦੋਵੇਂ ਇੱਕ-ਦੂਜੇ ਤੋਂ ਚੋਰੀਓਂ ਉਡੀਕਦੀਆਂ ਸਨ ਮੈਨੂੰ ਦੇਰ ਰਾਤ ਤਾਈਂ... ਤੇ ਆਖ਼ਰ ਸੌਂ ਜਾਂਦੀਆਂ ਸਨ ਦੋਵੇਂ ਫੇਰ ਚੁੱਪ-ਚੁਪੀਤੇ...

" ਕੀ ਲੋੜ ਸੀ ਏਹਨੂੰ ਏਥੇ ਬੁਲਾਉਣ ਦੀ....." ਮੈਂ ਆਪਣਾ ਸਵਾਲੀਆ ਤੀਰ ਰੂਪ 'ਤੇ ਛੱਡ ਦਿੱਤਾ ਤੇ ਸ਼ਾਇਦ ਇਹ ਤੀਰ ਓਹਦੀਆਂ ਅੱਖਾਂ 'ਚ ਜਾ ਲੱਗਿਆ, ਜੋ ਉਹ ਰੋਂਦੀ-ਰੋਂਦੀ ਕਹਿਣ ਲੱਗੀ," ਜੀ, ਮੈਂ ਤਾਂ ਨਹੀਂ ਸੀ ਬੁਲਾਇਆ ਬੀਜੀ ਨੂੰ... ਉਹ ਆਪ ਹੀ ਆ ਗਏ ਸਨ, ਕਹਿੰਦੇ ਸਨ ਕਿ ਤੁਹਾਨੂੰ ਮਿਲਣ ਦੀ ਬੜੀ ਇੱਛਾ ਹੋ ਰਹੀ ਏ...."

ਫੇਰ ਰੂਪ ਕਾਫੀ ਦੇਰ ਤੱਕ ਰੋਂਦੀ ਰਹੀ... ਪਤਾ ਨਹੀਂ ਮੇਰਾ ਪ੍ਰਸ਼ਨ ਹੀ ਗਲਤ ਸੀ ਜਾਂ ਪ੍ਰਸ਼ਨ ਪੁੱਛਣ ਦਾ ਸਲੀਕਾ... ਪਰ ਜੋ ਵੀ ਸੀ ਆਪਣੇ ਪੱਥਰ ਦਿਲ ਹੋਣ

ਦਾ ਸਬੂਤ ਤਾਂ ਮੈਂ ਦੇ ਈ ਚੁੱਕਿਆ ਸੀ ਰੂਪ ਨੂੰ.... ਉਸ ਦਿਨ ਤੋਂ ਬਾਅਦ ਫੇਰ ਕਦੇ ਰੂਪ ਨੇ ਘਰ 'ਚ ਕਦੇ ਕਿਸੇ ਮਹਿਮਾਨ ਨੂੰ ਆਉਣ ਹੀ ਨਹੀਂ ਦਿੱਤਾ...

ਪਤਾ ਨਹੀਂ ਕੀ-ਕੀ ਝੂਠ ਬੋਲ ਕੇ ਟਾਲਦੀ ਰਹੀ ਹੋਵੇਗੀ....

" ਜੀਅ ਕਰਦਾ ਏ ਕਿ ਤੈਨੂੰ ਲੈ ਕੇ ਕਿਧਰੇ ਦੂਰ ਨਿਕਲ ਜਾਵਾਂ... ਕੋਈ ਐਸੀ ਥਾਂ ਜਿਥੇ ਸਿਰਫ਼ ਮੈਂ ਤੇ ਤੂੰ ਹੋਈਏ... ਬੱਸ ਮੈਂ ਤੇ ਤੂੰ....." ਰੂਹੀ ਨੇ ਜਦ ਮੇਰੇ ਮੂੰਹੋਂ ਇਹ ਸੁਣਿਆ ਤਾਂ ਬਜਾਏ ਖ਼ੁਸ਼ ਹੋਣ ਦੇ ਉਹ ਇਸ ਗੱਲ ਨੂੰ ਹੋਰ ਈ ਪਾਸੇ ਲੈ ਗਈ....

" ਮੈਨੂੰ ਨਹੀਂ ਪਤਾ ਹੁਣ ਕੁੱਝ, ਮੈਥੋਂ ਨਹੀਂ ਰਿਹਾ ਜਾਂਦਾ ਹੁਣ ਬਾਹਰ.... ਤੁਸੀਂ ਮੈਨੂੰ ਅੰਦਰ ਕਿਉਂ ਨਹੀਂ ਲੈ ਜਾਂਦੇ....." ਰੂਪ ਨੂੰ ਤਲਾਕ ਦੇਣ ਲਈ ਆਖ ਰਹੀ ਸੀ ਉਹ ਤਾਂ ਮੈਨੂੰ... ਤੇ ਮੈਂ ਸਮਝਿਆ ਕਿ ਰੂਹੀ ਮੇਰੀ ਦੂਜੀ ਪਤਨੀ ਬਣਨਾ ਚਾਹੁੰਦੀ ਏ...

ਜੇ ਮੈਂ ਰੂਪ ਨੂੰ ਤਲਾਕ ਦੇ ਵੀ ਦਿੰਦਾ ਤਾਂ ਵੀ ਰੂਹੀ ਨੇ ਤਾਂ ਓਹੀਓ ਰਹਿਣਾ ਸੀ ਮੇਰੀ 'ਦੂਜੀ ਪਤਨੀ'...

"ਮੈਨੂੰ ਆਪਣੇ ਰਿਸ਼ਤੇ ਦਾ ਕੋਈ ਨਾਂ ਚਾਹੀਦੈ... ਤੇ ਜੇ ਨਹੀਂ ਦੇ ਸਕਦਾ ਤਾਂ ਮੁੜ ਕੇ ਮੇਰੇ ਕੋਲ ਨਾ ਆਈਂ... ਭੁੱਲ ਜਾਵੀਂ ਫੇਰ ਮੈਨੂੰ ਹਮੇਸ਼ਾ-ਹਮੇਸ਼ਾ ਲਈ....." ਰੂਹੀ ਨੇ ਤਾਂ ਲੱਗਦਾ ਸੀ ਇੱਕ ਪਾਸਾ ਹੀ ਕਰ ਲਿਆ ਸੀ, ਪਰ ਮੈਂ ਕਿੱਧਰ ਜਾ ਕੇ ਡਿੱਗਦਾ... ਅੱਗੇ ਖ਼ੂਹ ਸੀ ਤੇ ਪਿੱਛੇ ਸੀ ਖਾਈ.....

ਕੀ ਕਹਿੰਦਾ ਮੈਂ ਰੂਪ ਨੂੰ... ਕਿ ਉਹ ਨਿਕਲ ਜਾਵੇ ਏਸ ਘਰ ਤੋਂ... ਜਿਸ ਘਰ ਵਿੱਚ ਕਦੇ ਮੈਂ ਓਹਨੂੰ ਵਿਆਹ ਕੇ ਲਿਆਇਆ ਸੀ... ਜਾਂ ਇਹ ਕਹਿ ਦਿੰਦਾ ਉਸਨੂੰ ਕਿ ਉਹ ਮੈਨੂੰ ਬੇਵਜ੍ਹਾ ਹੀ ਤਲਾਕ ਦੇ ਦੇਵੇ...

ਰੂਪ ਤਾਂ ਰੂਪ, ਮੈਂ ਰੂਹੀ ਨੂੰ ਕੀ ਕਹਿੰਦਾ ਕਿ ਮੈਂ ਰੂਪ ਨੂੰ ਕਦ ਤਲਾਕ ਦੇ ਰਿਹਾ ਹਾਂ... ਕਦ ਮੈਂ ਰੂਹੀ ਨੂੰ ਆਪਣੀ ਦੂਜੀ ਪਤਨੀ ਬਣਾਉਣ ਵਾਲਾ ਹਾਂ.... ਤੇ ਕਦ ਉਹ ਅੰਦਰ ਆਉਣ ਵਾਲੀ ਏ ਮੇਰੇ ਘਰ ਦੇ...

ਘਰ ਤੋਂ ਯਾਦ ਆਇਆ, ਮੇਰੇ ਘਰ ਦੇ ਕੀ ਸੋਚਣਗੇ ਜਦ ਉਨਾਂ ਨੂੰ ਪਤਾ ਲੱਗੇਗਾ ਕਿ ਮੈਂ ਬਾਹਰ ਵੀ ਕਿਸੇ ਨਾਲ...

ਪਰ ਮੇਰੀ ਬਦਕਿਸਮਤੀ ! ਇਹ ਸਭ ਗੱਲਾਂ ਮੈਨੂੰ ਉਸ ਵੇਲ਼ੇ ਯਾਦ ਨਾ ਆਈਆਂ... ਮੇਰੇ ਤੇ ਤਾਂ ਰੂਹੀ ਦਾ ਹੀ ਰੰਗ ਚੜ੍ਹਿਆ ਹੋਇਆ ਸੀ...ਉਹ ਜੋ ਕਹਿੰਦੀ ਮੈਂ ਮੰਨ ਲੈਂਦਾ.....

ਲੈ ਗਿਆ ਸੀ ਮੈਂ ਰੂਹੀ ਨੂੰ ਆਪਣੇ ਘਰ... ਆਪਣੀ ਦੂਜੀ ਪਤਨੀ ਬਣਾ ਕੇ...." ਮੈਂ ਰੂਪ ਨੂੰ ਤਲਾਕ ਕਿਵੇਂ ਦਿਆਂ, ਤਲਾਕ ਦੇਣ ਲਈ ਕੋਈ ਵਜ੍ਹਾ ਤਾਂ ਚਾਹੀਦੀ ਏ ਨਾ.." ਮੈਂ ਰੂਹੀ ਨੂੰ ਕਿਹਾ ਸੀ ਤੇ ਉਹ," ਇੱਕ ਵਾਰੀ ਵੜ੍ਹ ਲੈਣ ਦਿਓ ਮੈਨੂੰ ਆਪਣੇ ਘਰ, ਵੱਸਣ ਤਾਂ ਓਹਨੂੰ ਵੀ ਨ੍ਹੀ ਦੇਣਾ ਮੈਂ..." ਰੂਹੀ ਦੀਆਂ ਗੱਲਾਂ ਤੋਂ ਤਾਂ ਇਓਂ ਲੱਗਦਾ ਸੀ ਜਿਵੇਂ ਉਹ ਆਪ ਤਾਂ ਕੀ ਵੱਸਣਾ ਚਾਹੁੰਦੀ ਸੀ, ਸਗੋਂ ਉਹ ਰੂਪ ਦਾ ਵੱਸਿਆ-ਵਸਾਇਆ ਘਰ ਵੀ ਉਜਾੜ ਦੇਣਾ ਚਾਹੁੰਦੀ ਸੀ....

" ਇਹ ਆਪਣੀ ਨਵੀਂ ਕਿਰਾਏਦਾਰ ਏ...." ਇਹ ਆਖਿਆ ਸੀ ਮੈਂ ਰੂਪ ਨੂੰ, ਜਦ ਲੈ ਕੇ ਆਇਆ ਸੀ ਰੂਹੀ ਨੂੰ ਆਪਣੇ ਨਾਲ , ਆਪਣੇ ਘਰ... ਹੋਰ ਕੀ ਆਖਦਾ ਰੂਪ ਨੂੰ...? ਨਾਲੇ ਓਹਨੇ ਕਿਹੜਾ ਮੇਰੇ ਹੱਥ 'ਚ 'ਗੀਤਾ' ਧਰ ਦਿੱਤੀ ਸੀ ਜੋ ਮੈਂ ਓਹਨੂੰ ਇਹ ਆਖਦਾ ਕਿ " ਮੈਂ ਜੋ ਵੀ ਕਹਾਂਗਾ, ਸੱਚ ਹੀ ਕਹਾਂਗਾ.... ਸੱਚ ਤੋਂ ਸਿਵਾ ਕੁੱਝ ਨਹੀਂ ਕਹਾਂਗਾ...."

" ਸੌਂਕਣ ਆਂ ਮੈਂ ਤੇਰੀ ਸੌਂਕਣ...." ਉਸ ਦਿਨ ਰੂਪ ਤੇ ਰੂਹੀ ਦੀ ਲੜਾਈ ਹੋਈ ਸੀ, ਸਾਰਾ ਗੁਆਂਢ 'ਕੱਠਾ ਹੋ ਗਿਆ ਸੀ ਉਸ ਵੇਲ਼ੇ....ਇੰਝ ਲੱਗ ਰਿਹਾ ਸੀ ਜਿਵੇਂ ਕੋਈ ਮਹਾਂਭਾਰਤ ਚੱਲ ਰਹੀ ਸੀ... ਏਸ ਲੜਾਈ ਵਿੱਚ ਸਾਰਾ ਗੁਆਂਢ ਹੀ ਰੂਪ ਦੇ ਪੱਖ 'ਚ ਬੋਲ ਰਿਹਾ ਸੀ ਤੇ ਹਰ ਕੋਈ ਇੱਕ ਤੋਂ ਵੱਧ ਕੇ ਇੱਕ ਸੁਣਾ ਰਿਹਾ ਸੀ ਰੂਹੀ ਨੂੰ....ਪਰ ਰੂਪ ਸੀ ਕਿ ਸਭ ਹਥਿਆਰ ਸੁੱਟ ਕ੍ਰਿਸ਼ਨ ਬਣੀ ਖੜੀ ਸੀ...

'ਸੌਂਕਣ' ਸ਼ਬਦ ਉਸ ਲਈ ਕੋਈ ਨਵਾਂ ਨਹੀਂ ਸੀ, ਸਗੋਂ ਉਹ ਤਾਂ ਬਹੁਤ ਪਹਿਲਾਂ ਤੋਂ ਹੀ ਆਪਣੀ ਸੌਂਕਣ ਨੂੰ ਜਾਣ ਚੁੱਕੀ ਸੀ... ਮੈਂ ਵੀ ਘਰ ਪਹੁੰਚ ਗਿਆ ਸੀ ਰੂਹੀ ਦੇ ਫੋਨ ਕਰਨ 'ਤੇ.... ਫਿਰ ਇਸ ਸਾਰੇ ਤਮਾਸ਼ੇ ਵਿੱਚ ਮੈਂ ਵੀ ਆਪਣਾ ਬਣਦਾ ਯੋਗਦਾਨ ਪਾ ਦਿੱਤਾ ਅਤੇ ਕੱਢ ਦਿੱਤਾ ਰੂਪ ਨੂੰ ਆਪਣੇ ਘਰੋਂ....

"ਤੂੰ ਕੁੱਝ ਬੋਲਦੀ ਕਿਉਂ ਨਹੀਂ....."ਗੁਆਂਢੀਆਂ ਨੇ ਤਾਂ ਬਹੁਤ ਜ਼ੋਰ ਲਾਇਆ ਸੀ ਕਿ ਰੂਪ ਅੱਗੋਂ ਕੁੱਝ ਬੋਲੇ....ਸੁਣਾਵੇ ਕੁੱਝ ਮੈਨੂੰ ਵੀ ਤੇ ਰੂਹੀ ਨੂੰ ਵੀ... ਪਰ ਉਹ ਯਾਨਿ ਰੂਪ ਤਾਂ ਮੇਰੇ ਕਹੇ 'ਤੇ ਘਰ ਛੱਡ ਕੇ ਚਲੀ ਗਈ ਸੀ... ਤੇ ਸ਼ਾਇਦ ਉਹ ਵੀ ਸਦਾ-ਸਦਾ ਲਈ.....

ਅਜੇ ਮਹੀਨਾ ਵੀ ਕਿੱਥੇ ਹੋਇਆ ਸੀ ਕਿ ਰੂਹੀ ਨੂੰ ਕੋਈ ਹੋਰ ਈ ਨਵਾਂ 'ਅਮੀਰ ਆਸ਼ਕ' ਲੱਭ ਗਿਆ ਤੇ ਫਿਰ 'ਉਜਾੜੇ ਘਰ' ਤੋਂ ਭੱਜ ਗਈ ਰੂਹੀ ਵੀ ਚੁੱਪ-ਚੁਪੀਤੇ.....

ਹੁਣ ਨਾ ਤਾਂ ਮੈਂ ਇੱਧਰ ਦਾ ਰਿਹਾ ਸੀ ਤੇ ਨਾ ਹੀ ਉੱਧਰ ਦਾ... ਮੇਰਾ ਹਾਲ ਤਾਂ ਉਸ ਕੁੱਤੇ ਵਰਗਾ ਸੀ ਜੋ ਨਾ ਘਰ ਦਾ ਸੀ ਤੇ ਨਾ ਘਾਟ ਦਾ....ਚੰਗੀ ਕਰ ਗਈ ਸੀ ਉਹ ਵੀ ਮੇਰੇ ਨਾਲ... ਯਾਨਿ ਰੂਹੀ.... ਮਾੜਾ ਜੋ ਕੀਤਾ ਸੀ ਮੈਂ ਵੀ ਰੂਪ ਨਾਲ....ਫੇਰ ਮਾੜੇ ਕੰਮਾਂ ਦਾ ਮਾੜਾ ਸਿੱਟਾ ਤਾਂ ਭੁਗਤਣਾ ਈ ਪੈਣਾ ਸੀ ਨਾ....

ਮਾੜਾ ਸੀ ਮੈਂ ਤੇ ਮਾੜੀ ਕੀਤੀ ਸੀ ਮੈਂ ਰੂਪ ਨਾਲ... ਬੱਸ ਇਹੀ ਸੋਚ ਕੇ ਰੋ ਲੈਂਦਾ ਸੀ... ਹਾਂ, ਬੱਸ ਰੋ ਲੈਂਦਾ ਸੀ ਰੂਪ ਨੂੰ ਚੇਤੇ ਕਰ-ਕਰ.....

ਮੈਂ ਅੱਜ ਵੀ ਓਹਨੂੰ ਚੇਤੇ ਕਰ-ਕਰ ਰੋ ਲੈਨਾਂ ਹਾਂ.... ਹਾਂ, ਬੱਸ ਰੋ ਲੈਨਾਂ ਹਾਂ ਰੂਪ ਨੂੰ ਚੇਤੇ ਕਰ-ਕਰ....

ਕਿਉਂਕਿ ਅੱਜ ਉਹਦੀ ਚੁੱਪ ਮੈਨੂੰ ਸਮਝ ਆਉਣ ਲੱਗ ਪਈ ਏ...ਪਰ ਇਸਤੋਂ ਪਹਿਲਾਂ ਕਿ ਮੈਂ ਉਸਨੂੰ ਮੁੜ੍ਹ ਆਪਣੇ ਕੋਲ ਬੁਲਾ ਪਾਉਂਦਾ, ਉਹ ਸਦਾ-ਸਦਾ ਲਈ

ਹੀ ਚੁੱਪ ਕਰ ਚੁੱਕੀ ਸੀ...ਉੱਜੜ ਗਈ ਸੀ ਆਪ ਵੀ ਤੇ ਉਜਾੜ ਗਈ ਸੀ ਮੈਨੂੰ... ਉਹ ਵੀ ਚੁੱਪ-ਚੁਪੀਤੇ.....

# ......ਪੌਣੇ ਪੰਜ ਦੀ ਗੱਡੀ......

"ਭਾਜੀ, ਆਹ ਗੱਡੀ ਕਦ ਆਉਣੀ ਆ....ਪੌਣੇ ਪੰਜ ਤਾਂ ਹੋ ਗਏ......!" ਮੈਂ ਆਪਣੇ ਨਾਲ ਬੈਠੇ ਵਿਅਕਤੀ ਤੋਂ ਗੱਡੀ ਦੇ ਆਉਣ ਬਾਰੇ ਪੁੱਛਿਆ। ਉਹ ਵੀ ਸ਼ਾਇਦ ਮੇਰੇ ਵਾਂਗ ਹੀ ਕਿਸੇ ਦੀ ਉਡੀਕ 'ਚ ਬੈਠਾ ਹੋਇਆ ਸੀ। "ਬੱਸ ਆਉਣ ਵਾਲੀ 'ਓ ਏ...!" ਉਸ ਵਿਅਕਤੀ ਨੇ ਮੈਨੂੰ ਆਖਿਆ।

ਗੱਡੀ ਦਾ ਭੌਂਪੂ ਵੱਜਣ 'ਤੇ ਸਾਨੂੰ ਦੋਹਾਂ ਨੂੰ ਹੀ ਪਤਾ ਲੱਗ ਗਿਆ ਸੀ ਕਿ ਗੱਡੀ ਆ ਗਈ ਏ। ਜਦ ਗੱਡੀ ਰੁਕੀ ਤਾਂ ਕਿੰਨੇ ਹੀ ਮੁਸਾਫ਼ਿਰ ਉਸ 'ਚ ਚੜ੍ਹ ਗਏ। ਮੈਨੂੰ ਤਾਂ ਪਤਾ ਹੀ ਨਹੀਂ ਸੀ ਲੱਗਿਆ, ਪਰ ਮੈਥੋਂ ਇਲਾਵਾ ਹੋਰ ਕਿੰਨੇ ਹੀ ਲੋਕ ਗੱਡੀ ਦੀ ਉਡੀਕ 'ਚ ਖਲੋਤੇ ਹੋਏ ਸਨ ਤੇ ਜਿਵੇਂ ਹੀ ਗੱਡੀ ਆਈ ,ਸਭ ਮੁਸਾਫ਼ਿਰ ਚੜ੍ਹ ਗਏ ਗੱਡੀ 'ਚ.....। ਕੁੱਝ ਕੁ ਉਤਰੇ ਵੀ ਸੀ ਉਸ ਗੱਡੀ 'ਚੋਂ। ਤਕਰੀਬਨ ੧੦-੧੫..।

ਜਿਹਨਾਂ ਵਿੱਚੋਂ ੪-੫ ਤਾਂ ਅਜਿਹੇ ਸਨ, ਜੋ ਬੜੀ ਕਾਹਲ਼ੀ 'ਚ ਨਜ਼ਰ ਆ ਰਹੇ ਸਨ। ਉਹਨਾਂ ਦੀ ਕਾਹਲ਼ੀ ਵੇਖ ਕੇ ਇਸ ਤਰਾਂ ਲੱਗ ਰਿਹਾ ਸੀ ਜਿਵੇਂ ਅੱਗੋਂ ਉਨ੍ਹਾਂ

ਨੇ ਇੱਕ ਹੋਰ ਗੱਡੀ ਫੜ੍ਹਨੀ ਹੋਵੇ, ਤੇ ਬਾਕੀ ਬਚੇ ੧੦ ਕੁ ਮੁਸਾਫ਼ਿਰ ਕਿਸੇ ਨਾ ਕਿਸੇ ਦੇ ਮਹਿਮਾਨ ਲੱਗਦੇ ਸਨ, ਜਿਹਨਾਂ ਵਿੱਚੋਂ ਕੁੱਝ ਕੁ ਤਾਂ ਕਿਸੇ ਦੇ ਸੱਦੇ ਹੋਏ ਹੋਣਗੇ ਤੇ ਕੁੱਝ ਕੁ ਸ਼ਾਇਦ ਬਿਨ-ਬੁਲਾਏ ਮਹਿਮਾਨ ਵੀ ਹੋਣਗੇ...। ਕੋਈ ਕਿਸੇ ਨੂੰ ਸੁਨੇਹਾ ਦੇਣ ਆਇਆ ਹੋਵੇਗਾ ਤੇ ਕੋਈ ਕਿਸੇ ਦੀ ਸਾਰ ਲੈਣ ਆਇਆ ਹੋਵੇਗਾ....।

ਇਹਨਾਂ ਦਸਾਂ ਕੁ ਮੁਸਾਫ਼ਰਾਂ 'ਚ ਇੱਕ ਹਰਮਨ ਵੀ ਸੀ, ਜਿਹੜਾ ਕਿ ਮੇਰੇ ਨਾਲ ਬੈਠੇ ਵਿਅਕਤੀ ਦਾ ਪੁੱਤਰ ਸੀ। ਉਹ ਵਿਅਕਤੀ ਆਪਣੇ ਪੁੱਤਰ ਨੂੰ ਵੇਖ ਕੇ ਬੜਾ ਖੁਸ਼ ਹੋਇਆ। ਲੱਗਦਾ ਸੀ ਜਿਵੇਂ ਉਹ ਕਈ ਸਾਲਾਂ ਬਾਅਦ ਆਪਣੇ ਪੁੱਤਰ ਨੂੰ ਮਿਲ ਰਿਹਾ ਹੋਵੇ.....ਤੇ ਮੇਰੀ ਗੱਲ ਸੱਚ ਵੀ ਨਿਕਲੀ। ਜਦ ਮੈਂ ਉਸ ਵਿਅਕਤੀ ਨੂੰ ਪੁੱਛਿਆ ਤਾਂ ਉਸ ਵਿਅਕਤੀ ਨੇ ਕਿਹਾ," ਹਾਂਜੀ... ਹਾਂਜੀ..., ਤੁਸੀਂ ਬਿਲਕੁੱਲ ਠੀਕ ਸਮਝਿਆ ਏ.....ਇਹ ਮੇਰਾ ਪੁੱਤਰ ਹਰਮਨ ਹੈ...ਪੂਰੇ ਪੰਜ ਸਾਲਾਂ ਬਾਅਦ ਅੱਜ ਆਇਆ ਹੈ। ਦਿੱਲੀ 'ਚ ਨੌਕਰੀ ਕਰਦੈ। ਘਰ ਦੀ ਆਰਥਿਕ ਹਾਲਤ ਚੰਗੀ ਨਹੀਂ ਸੀ,ਤਾਂ ਏਹਨੂੰ ਭੇਜ ਦਿੱਤਾ ਦਿੱਲੀ....ਕੰਮ ਕਰਨ ਵਾਸਤੇ...!

ਛੇ-ਛੇ ਮਹੀਨਿਆਂ ਬਾਅਦ ਪੈਸੇ ਭੇਜਦਾ ਰਿਹਾ... ਪਰ ਏਹਤੋਂ ਆਪ ਨ੍ਹੀ ਆ ਹੋਇਆ ਕਦੇ....ਵਿਚਾਰਾ ਕਰਦਾ ਵੀ ਕੀ, ਏਹਦਾ ਕਿਹੜਾ ਉੱਥੇ ਕੋਈ ਪੱਕਾ ਕੰਮ

ਜਾਂ ਕਾਰੋਬਾਰ ਏ...। ਨਾਲੇ ਸ਼ੁਰੂ-ਸ਼ੁਰੂ 'ਚ ਤਾਂ ਕੰਪਨੀਆਂ ਆਲੇ ਇੱਦਾਂ ਈ ਕਰਦੇ ਨੇ...ਆਪਣੇ ਮੁਲਾਜ਼ਮਾਂ ਨੂੰ ਛੇਤੀ ਦੇਣੇ ਕਿਤੇ ਜਾਣ ਨਹੀਂ ਦਿੰਦੇ...ਸੋਚਦੇ ਹੋਣੇ ਕਿ ਖ਼ਬਰ੍ਹਾ ਇਹ ਕਿਤੇ ਭੱਜ ਈ ਨਾ ਜਾਣ.....!

ਪਰ ਕੜਿੱਕੀ  'ਚ ਤਾਂ ਇਹ ਵਿਚਾਰੇ ਫਸੇ ਰਹਿੰਦੇ ਨੇ....ਇਹ ਤਾਂ ਇੰਨੇ ਬੇਵੱਸ ਹੁੰਦੇ ਨੇ ਕਿ ਨਾ ਤਾਂ ਆਪਣੇ ਘਰ ਨਾਲ ਜੁੜੀਆਂ ਆਪਣੀਆਂ ਮੋਹ ਦੀਆਂ ਤੰਦਾਂ ਤੋੜ ਪਾਉਂਦੇ ਨੇ ਤੇ ਨਾ ਹੀ ਕਦੇ ਤੋੜ ਪਾਉਂਦੇ ਨੇ ਆਪਣੇ ਕੰਮ ਨਾਲ ਜੁੜੀਆਂ ਆਪਣੀ ਮਜ਼ਬੂਰੀ ਦੀਆਂ ਬੇੜੀਆਂ.....!"

ਜੀਅ ਤਾਂ ਕਰਦਾ ਸੀ ਉਸ ਵਿਅਕਤੀ ਦੀਆਂ ਗੱਲਾਂ ਸੁਣਦਾ ਹੀ ਰਹਾਂ...। ਪਰ ਛੇਤੀ ਹੀ ਗੱਡੀ ਦਾ ਭੌਂਪੂ ਦੁਬਾਰਾ ਵੱਜਿਆ ਤੇ ਗੱਡੀ 'ਟੇਸ਼ਨ ਤੋਂ ਅੱਗੇ ਤੁਰ ਪਈ। ਮੈਂ ਬੌਂਦਲਿਆ ਜਿਹਾ ਖੜਾ ਗੱਡੀ ਨੂੰ ਵੇਖੀ ਗਿਆ.... ਜਦ ਮੁੜ ਕੇ ਵੇਖਿਆ ਤਾਂ ਉਹ ਵਿਅਕਤੀ ਤੇ ਉਸਦਾ ਪੁੱਤਰ ਵੀ ਹੁਣ ਉੱਥੇ ਨਹੀਂ ਸਨ...। ਮੈਨੂੰ ਤਾਂ ਲੱਗਿਆ ਸੀ ਕਿ ਅਜੇ ਉਸ ਵਿਅਕਤੀ ਦੀਆਂ ਗੱਲਾਂ ਖ਼ਤਮ ਨਹੀਂ ਹੋਈਆਂ, ਪਰ ਉਹ ਤਾਂ ਕਦ ਦਾ ਓਥੋਂ ਜਾ ਚੁੱਕਿਆ ਸੀ।

ਉਸ ਵਿਅਕਤੀ ਤੋਂ ਧਿਆਨ ਹਟਿਆ ਤਾਂ ਮੈਨੂੰ ਚੇਤੇ ਆਇਆ ਕਿ ਮੈਂ ਤਾਂ 'ਟੇਸ਼ਨ 'ਤੇ ਕਿਸੇ ਨੂੰ ਲੈਣ ਆਇਆ ਸੀ। ਅਸਲ 'ਚ ਅੱਜ ਮੇਰੀ ਭੂਆ ਨੇ ਪੌਣੇ ਪੰਜ ਦੀ ਗੱਡੀ ਤੋਂ ਆਉਣਾ ਸੀ। ਓਹਨੇ ਕਰੀਬ ੪ ਕੁ ਦਿਨ ਪਹਿਲਾਂ ਖ਼ਤ ਪਾਇਆ ਸੀ ਕਿ ਉਹ ਆ ਰਹੀ ਏ...ਓਹਦੇ ਮੁੰਡੇ ਦਾ ਵਿਆਹ ਏ..ਬੱਸ ਉਹਨੇ ਤਾਂ ਵਿਆਹ ਦਾ ਡੱਬਾ ਦੇਣ ਹੀ ਆਉਣੈ....ਰਹਿਣਾ-ਰੁਹਣਾ ਕੋਈ ਨ੍ਹੀ...।

ਇਹ ਰਹਿਣ ਵਾਲੀ ਗੱਲ ਵੀ ਉਸਨੇ ਖ਼ਤ 'ਚ ਲਿਖ ਦਿੱਤੀ ਸੀ। ਓਦਾਂ ਵੀ ਭੂਆ ਜਦ ਸਾਡੇ ਘਰ ਆਉਂਦੀ ਸੀ ਤਾਂ ਮਸੀਂ ਇੱਕ-ਅੱਧਾ ਦਿਨ ਰਹਿੰਦੀ ਸੀ... ਓਦੋਂ ਤਾਂ ਉਹਦੇ ਜੁਆਕ ਛੋਟੇ ਸਨ, ਇਸ ਲਈ ਉਸਨੂੰ ਘਰ ਜਾਣ ਦੀ ਕਾਹਲ਼ੀ ਰਹਿੰਦੀ ਸੀ... ਜੁਆਕਾਂ ਨੂੰ ਤਾਂ ਉਹ ਕਿਸੇ ਛੁੱਟੀ- ਤਿਓਹਾਰ ਵਾਲੇ ਦਿਨ ਹੀ ਨਾਲ ਲੈ ਕੇ ਆਉਂਦੀ ਸੀ, ਪਰ ਆਪ ਉਹ ਚੌਥੇ ਦਿਨ ਹੀ ਸਾਨੂੰ ਮਿਲਣ ਆ ਜਾਇਆ ਕਰਦੀ ਸੀ..। ਬਾਹਲਾ ਮੋਹ ਕਰਦੀ ਸੀ ਉਹ ਸਾਡਾ ਸਭ ਦਾ.....!

ਹੁਣ ਜਦ ਦੇ ਅਸੀਂ ਜੁਆਨ ਹੋਏ ਹਾਂ, ਭੂਆ ਦਾ ਆਉਣਾ-ਜਾਣਾ ਥੋੜ੍ਹਾ ਘੱਟ ਗਿਆ ਏ, ਪਰ ਘਟਿਆ ਵੀ ਬੱਸ ਇੰਨਾ ਕੁ ਕਿ ਹੁਣ ਉਹ ਮਹੀਨੇ 'ਚ ਚਾਰ ਕੁ ਗੇੜੇ ਮਾਰ ਜਾਂਦੀ ਐ...। ਸ਼ੁਰੂ ਤੋਂ ਹੀ ਮੇਰਾ ਵੱਡਾ ਭਰਾ ਲਾਡੀ ਉਸਨੂੰ 'ਟੇਸ਼ਨ ਤੋਂ

ਲਿਆਉਂਦਾ ਰਿਹਾ ਸੀ, ਪਰ ਅੱਜ ਭੂਆ ਨੂੰ ਲਿਆਉਣ ਦੀ ਵਾਰੀ ਮੇਰੀ ਬੰਨ੍ਹ ਦਿੱਤੀ ਗਈ ਸੀ ਤੇ ਅੱਗੋਂ ਮੇਰੀ ਕਿਸਮਤ....!

ਪੌਣੇ ਪੰਜ ਦੀ ਗੱਡੀ ਆ ਕੇ ਲੰਘ ਵੀ ਗਈ ਤੇ ਮੈਂ ਹੱਥ ਹਿਲਾਉਂਦਾ ਅਜੇ ਵੀ 'ਟੇਸ਼ਨ 'ਤੇ ਹੀ ਖੜਾਂ.....! "ਤੁਸੀਂ ਕਿਸੇ ਦਾ ਇੰਤਜ਼ਾਰ ਕਰ ਰਹੇ ਹੋ....?" ਮੈਂ ਪਿੱਛੇ ਮੁੜਿਆ ਤਾਂ ਇੱਕ ਵਾਰੀ ਫੇਰ ਬੌਂਦਲ ਗਿਆ... ਕੋਈ ਪਰੀ ਜਿਹੀ ਹੂਰ ਮੇਰੇ ਸਾਹਮਣੇ ਖੜੀ ਸੀ। ਜਦੋਂ ਦੋ ਕੁ ਮਿੰਟਾਂ ਤੱਕ ਉਹਨੂੰ ਮੈਥੋਂ ਕੋਈ ਜਵਾਬ ਨਹੀਂ ਮਿਲਿਆ ਤਾਂ ਉਸਨੇ ਮੈਥੋਂ ਫੇਰ ਪੁੱਛਿਆ," ਕੀ ਹੋਇਆ ਜਨਾਬ!...ਕੀ ਸੋਚਦੇ ਪਏ ਓ....ਸਭ ਖੈਰੀਅਤ ਤਾਂ ਏ.....!" ਉਸ ਪਰੀ ਵਰਗੀ ਹੂਰ ਨੇ ਮੈਥੋਂ ਕੋਈ ਸੁਆਲ ਪੁੱਛਿਆ ਸੀ, ਪਰ ਕੀ ਪੁੱਛਿਆ ਸੀ, ਮੈਨੂੰ ਯਾਦ ਹੀ ਨਹੀਂ ਸੀ.. ਮੈਂ ਤਾਂ ਉਥੋਂ ਕੁੱਝ ਕਹੇ-ਸੁਣੇ ਬਿਨਾਂ ਹੀ ਕਾਹਲ਼ੀ-ਕਾਹਲ਼ੀ ਘਰ ਵੱਲ ਨੂੰ ਚਾਲੇ ਪਾ ਦਿੱਤੇ ਸੀ।

ਪਰ ਹੁਣ ਜਦ ਅੱਧੀ ਰਾਤ ਹੋਈ ਨੂੰ ਮੈਂ ਕਿਸੇ ਭੈੜੇ ਸੁਫ਼ਨੇ ਨਾਲ ਨੀਂਦ ਖੁਲ੍ਹਦਿਆਂ ਹੀ ਅੱਭੜਵਾਹੇ ਉੱਠ ਖੜੋਤਾ ਹਾਂ ਤਾਂ ਬੀਤੀ ਪੌਣੇ ਪੰਜ ਵਾਲੀ ਗੱਲ ਯਾਦ ਆ ਗਈ ਏ ਤੇ ਨਾਲ ਹੀ ਯਾਦ ਆ ਗਈ ਏ ਉਹ 'ਹੂਰ ਪਰੀ'.....। ਸਵੇਰੇ ਮੈਨੂੰ

ਲਾਡੀ ਨੇ ਮਸੀਂ ਉਠਾਇਆ," ਓਏ, ਉੱਠ ਖੜ੍ਹ ਹੁਣ... ਕਿੱਡਾ ਦਿਨ ਚੜ੍ਹਿਆ ਪਿਐ....!"

ਆਪਣੇ ਵੱਡੇ ਭਰਾ ਦੀ ਆਵਾਜ਼ ਸੁਣ ਕੇ ਜਦ ਮੈਂ ਨੀਂਦ ਤੋਂ ਜਾਗਿਆ ਤਾਂ ਪਤਾ ਲੱਗਾ ਕਿ ਸਵੇਰ ਦੇ ੮ ਵੱਜੇ ਪਏ ਨੇ...ਨਹੀਂ ਤਾਂ, ਮੈਂ ਤਾਂ ਕਦੇ ੬ ਵਜੇ ਤੱਕ ਵੀ ਸੌਂ ਕੇ ਨਹੀਂ ਸੀ ਵੇਖਿਆ...।

ਮੇਰੇ ਬਾਪੂ ਦਾ ਸੁਭਾਅ ਬੜਾ ਹੀ ਅੜ੍ਹਬ ਸੀ..ਉਹ ਘਰ ਦੇ ਕਿਸੇ ਵੀ ਜੀਅ ਨੂੰ ੫ ਵਜੇ ਤੱਕ ਵੀ ਸੌਣ ਨਹੀਂ ਸੀ ਦਿੰਦਾ..। ਤੜ੍ਹਕੇ ਹੀ ਨਾਲੇ ਤਾਂ ਆਪ ਕੰਮੀਂ ਲੱਗ ਜਾਂਦਾ ਸੀ, ਨਾਲੇ ਘਰ ਦੇ 'ਕੱਲੇ-'ਕੱਲੇ ਜੀਅ ਨੂੰ ਵੀ ਕੰਮਾਂ-ਕਾਰਾਂ ਲਈ ਉਠਾਲ ਦਿੰਦਾ ਸੀ...!

ਦੁਪਹਿਰੇ ਚਿੱਠੀ ਆਉਂਦੀ ਆ ਭੂਆ ਦੀ, ਕਿ ਉਹ ਅਜੇ ਕੁੱਝ ਦਿਨ ਠਹਿਰ ਕੇ ਹੀ ਗੇੜਾ ਮਾਰੂਗੀ..। ਮੈਂ ਸੋਚਦਾ ਹਾਂ ਕਿ ਜੇ ਭੂਆ ਨੇ ਲੇਟ ਹੀ ਆਉਣਾ ਸੀ ਤਾਂ ਚਿੱਠੀ ਲਿਖ ਕੇ ਇਸ ਗੱਲ ਦੀ ਸੂਹ ਥੋੜੀ ਛੇਤੀ ਦੇ ਦਿੰਦੀ....!

ਭੂਆ ਤੋਂ ਮੈਨੂੰ ਯਾਦ ਆ ਗਈ ਉਹ ਪੌਣੇ ਪੰਜ ਦੀ ਗੱਡੀ ਤੇ ਫਿਰ ਅੱਗੋਂ ਯਾਦ ਆ ਗਈ ਉਹ 'ਹੂਰ ਪਰੀ'....! ਮੈਂ ਫਿਰ ਤੋਂ ਓਹਦੇ ਖਿਆਲੀਂ ਪੈ ਗਿਆ ਤੇ ਓਨੈ ਦਿਨੀਂ ਪਿਆ ਰਿਹਾ ਜਦ ਤੱਕ ਭੂਆ ਨੂੰ 'ਟੇਸ਼ਨ ਤੋਂ ਲੈਣ ਦੀ ਮੇਰੀ ਵਾਰੀ ਨਹੀਂ ਆ ਗਈ...।

ਮੈਂ ਤਾਂ ਓਹਦਾ ਨਾਂ ਵੀ ਨਹੀਂ ਸੀ ਪੁੱਛਿਆ... ਹੁਣ ਤਾਂ ਓਹਦੀ ਸ਼ਕਲ ਵੀ ਧੁੰਦਲੀ ਜਿਹੀ ਪੈਣ ਲੱਗ ਪਈ ਸੀ, ਪਰ ਉਹਦੀਆਂ ਅੱਖਾਂ ਨੇ ਮੈਨੂੰ ਅਜੇ ਤੱਕ ਵੀ ਕੀਲਿਆ ਪਿਆ ਸੀ... ਉਹ ਆਪ ਵੀ ਬੇਹੱਦ ਖ਼ੂਬਸੂਰਤ ਸੀ ਤੇ ਓਹਦੀਆਂ ਅੱਖਾਂ ਦੀ ਖ਼ੂਬਸੂਰਤੀ ਤਾਂ ਕਿਸੇ ਬਿਆਨ ਤੋਂ ਹੀ ਪਰੇ ਸੀ...! ਜੇ ਮੈਂ ਸ਼ਾਇਰ ਹੁੰਦਾ ਤਾਂ ਜ਼ਰੂਰ ਕੋਈ ਸ਼ਾਇਰੀ ਲਿਖ ਕੇ ਉਸ ਦੀਆਂ ਇਹਨਾਂ ਖ਼ੂਬਸੂਰਤ ਅੱਖਾਂ ਦੀ ਖ਼ੂਬਸੂਰਤੀ ਬਿਆਂ ਕਰਨ ਦੀ ਕੋਸ਼ਿਸ਼ ਕਰਦਾ...।

ਇਸ ਗੱਲ ਦਾ ਮੈਨੂੰ ਅਫ਼ਸੋਸ ਸੀ ਕਿ ਮੈਂ ਉਸਦਾ ਨਾਂ ਵੀ ਨਹੀਂ ਸੀ ਪੁੱਛ ਸਕਿਆ, ਪਰ ਮੈਂ ਉਸਨੂੰ ਆਪ ਹੀ ਨਾਂ ਦੇ ਦਿੱਤਾ ਸੀ 'ਮ੍ਰਿਗ-ਨੈਣੀ'....! ਜਿਸ ਦਿਨ ਮੈਂ ਭੂਆ ਨੂੰ ਲੈਣ ਲਈ 'ਟੇਸ਼ਨ 'ਤੇ ਜਾਣਾ ਸੀ, ਮੈਂ ਓਥੇ ਘੰਟਾ ਪਹਿਲਾਂ ਹੀ ਪਹੁੰਚ ਗਿਆ...। ਪੌਣੇ ਪੰਜ ਵਾਲੀ ਗੱਡੀ ਆਈ ਤੇ ਇਸ ਵਾਰੀ ਗੱਡੀ 'ਚੋਂ ਹੋਰ ਮੁਸਾਫ਼ਰਾਂ

ਨਾਲ ਮੇਰੀ ਭੂਆ ਵੀ ਉਤਰੀ ਸੀ...ਮੈਂ ਭੂਆ ਦੀ 'ਟੈਚੀ ਜਿਹੀ ਸੰਭਾਲਦਾ ਪਿਆ ਸੀ ਕਿ ਇੱਕ-ਦਮ ਮੈਨੂੰ 'ਮ੍ਰਿਗ-ਨੈਣੀ' ਦਿੱਸ ਪਈ...।

ਉਹ ਮੇਰੀ ਭੂਆ ਦੇ ਪਿੱਛੇ-ਪਿੱਛੇ ਹੀ ਆ ਰਹੀ ਸੀ...। ਫੇਰ ਕਦੇ ਉਹ ਮੇਰੇ ਅੱਗੇ ਹੋ ਜਾਂਦੀ ਤੇ ਕਦੇ ਮੈਂ ਉਹਦੇ ਅੱਗੇ ਹੋ ਜਾਂਦਾ...!

ਪਰ ਬੱਸ 'ਟੇਸ਼ਨ ਤੱਕ ਹੀ ਇਹ ਅੱਗੇ-ਅੱਗੇ ਦਾ ਸਿਲਸਿਲਾ ਚੱਲਿਆ ਤੇ ਅੱਗੋਂ ਇਹ ਸਿਲਸਿਲਾ ਰੁੱਕ ਗਿਆ ਜਦ 'ਟੇਸ਼ਨ ਤੋਂ ਬਾਹਰ ਆਉਂਦੇ ਹੀ ਮੈਂ ਭੂਆ ਨੂੰ ਮੋਟਰ-ਸਾਈਕਲ 'ਤੇ ਬਿਠਾ ਲਿਆ ਤਾਂ ਜੋ ਉਹਨੂੰ ਘਰ ਲਿਜਾ ਸਕਾਂ ਤੇ ਓਧਰ 'ਮ੍ਰਿਗ-ਨੈਣੀ' ਟਾਂਗੇ 'ਤੇ ਸਵਾਰ ਹੋ ਕੇ ਚਲੀ ਗਈ..। ਘਰ ਆਇਆ ਤਾਂ ਅਜੇ ਵੀ ਮੇਰਾ ਧਿਆਨ 'ਮ੍ਰਿਗ-ਨੈਣੀ' ਵੱਲ ਹੀ ਸੀ...।

ਸੋਚਦਾ ਪਿਆ ਸੀ ਕਿ ਜੇ ਅੱਜ ਮੇਰੇ ਨਾਲ ਭੂਆ ਨਾ ਹੁੰਦੀ ਤਾਂ ਮੈਂ ਉਹਦੇ ਨਾਲ ਓਹਦੇ ਟਾਂਗੇ 'ਚ ਹੀ ਬਹਿ ਜਾਣਾ ਸੀ..। ਪਤਾ ਨਹੀਂ ਉਹ ਕਿੱਥੋਂ ਆਉਂਦੀ ਸੀ... ਕਿੱਥੇ ਜਾਂਦੀ ਸੀ...! ਪਰ ਹੁਣ ਨਿੱਤ ਹੀ ਮੇਰੇ ਖ਼ਿਆਲਾਂ 'ਚ ਆਉਣਾ ਓਹਦਾ ਕੰਮ ਬਣ ਗਿਆ ਸੀ....!

ਦਿਨ ਚੰਗੇ ਬਤੀਤ ਹੋ ਰਹੇ ਸਨ, ਪਰ ਇੱਕ ਦਿਨ ਉੱਡਦੇ-ਉੱਡਦੇ ਇਹ ਖਬਰ ਸਾਡੇ ਕੰਨਾਂ ਤੱਕ ਵੀ ਪਹੁੰਚ ਗਈ ਕਿ ਫਲਾਣੇ ਸ਼ਹਿਰ ਤੋਂ ਕੁੱਝ ਲੁਟੇਰੇ ਜੇਲ੍ਹ 'ਚੋਂ ਭੱਜ ਨਿਕਲੇ ਨੇ..। ਇਹਨਾਂ ਨੂੰ ਭੱਜਿਆਂ ਨੂੰ ੧੨ ਘੰਟਿਆਂ ਤੋਂ ਵੀ ਉੱਤੇ ਹੋ ਗਏ ਨੇ... ਪੁਲਿਸ ਇਹਨਾਂ ਨੂੰ ਅਜੇ ਤੀਕ ਫੜ੍ਹਨ 'ਚ ਨਾਕਾਮਯਾਬ ਰਹੀ ਏ...। ਪੁਲਿਸ ਤੋਂ ਮਿਲੀ ਜਾਣਕਾਰੀ ਮੁਤਾਬਕ ਇਹਨਾਂ ਦੇ ਕੱਲ ਪੌਣੇ ਪੰਜ ਦੀ ਗੱਡੀ ਤੋਂ ਰਾਵਲਪਿੰਡੀ ਆਉਣ ਦਾ ਸ਼ੱਕ ਏ...।

ਖਬਰ ਸੁਣਦੇ ਸਾਰ ਹੀ ਸਾਨੂੰ ਸਭ ਨੂੰ ਤਾਂ ਹੱਥਾਂ-ਪੈਰਾਂ ਦੀ ਪੈ ਗਈ...। ਪਰ ਸਾਡੀ ਸਭ ਦੀ ਹਾਲਤ ਉਸ ਵੇਲੇ ਹੋਰ ਵੀ ਭੈੜੀ ਹੋ ਗਈ ਜਦ ਬਾਪੂ ਨੇ ਦੱਸਿਆ ਕਿ ਅੱਜ ਸਵੇਰੇ ਹੀ ਭੂਆ ਦਾ ਖ਼ਤ ਆਇਆ ਸੀ ਕਿ ਉਹ ਕੱਲ ਇੱਥੇ ਆ ਰਹੀ ਏ...ਉਹ ਵੀ ਆਪਣੇ ਮੁੰਡੇ ਨੂੰ ਨਾਲ ਲੈ ਕੇ....ਜਿਸਦਾ ਕਿ ਕੁੱਝ ਕੁ ਦਿਨਾਂ 'ਚ ਹੀ ਵਿਆਹ ਹੋਣ ਵਾਲਾ ਸੀ...। ਘਰ ਦੇ ਸਾਰੇ ਜੀਅ ਹੀ ਇਸ ਵੇਲੇ ਕਾਫ਼ੀ ਚਿੰਤਿਤ ਸਨ... ਸਭ ਡਰੇ ਹੋਏ ਸਨ...ਕਿਸੇ ਅਣਹੋਣੀ ਦੀ ਆਸ਼ੰਕਾ ਜਾਪ ਰਹੀ ਸੀ....!

ਸਾਡੇ ਪਿੰਡ ਰਾਵਲਪਿੰਡੀ ਤਾਂ ਮੌਤ ਜਿਹੀ ਖਾਮੋਸ਼ੀ ਛਾਈ ਪਈ ਸੀ... ਲੋਕ ਬਾਹਰੋਂ ਤਾਂ ਚੁੱਪ ਨਜ਼ਰ ਆ ਰਹੇ ਸਨ, ਸ਼ਾਂਤ ਨਜ਼ਰ ਆ ਰਹੇ ਸਨ.. ਪਰ ਧੁਰ ਅੰਦਰ ਤੀਕ ਡਰੇ ਪਏ ਸਨ...। ਸਭ ਦੇ ਚਿਹਰਿਆਂ 'ਤੇ ਖੌਫ਼ ਦੀ ਖਾਮੋਸ਼ੀ ਪ੍ਰਤੱਖ ਹੀ

ਦੇਖੀ ਜਾ ਸਕਦੀ ਸੀ ਤੇ ਅੰਦਰਲੇ ਡਰ ਨਾਲ ਧੜਕਦੇ ਦਿਲ ਦੀ ਆਵਾਜ਼ ਸਾਫ਼ ਹੀ ਸੁਣੀ ਜਾ ਸਕਦੀ ਸੀ...।

ਇਹ ਖ਼ਬਰ ਸੀ ਜਾਂ ਕੋਈ ਅਫਵਾਹ...! ਇਹ ਕਿਸੇ ਨੂੰ ਵੀ ਨਹੀਂ ਸੀ ਪਤਾ...! ਪਰ ਜਾਨ ਕਿਸ ਨੂੰ ਨਹੀਂ ਪਿਆਰੀ ਹੁੰਦੀ....! ਸਭ ਆਪਣੇ-ਆਪਣੇ ਘਰੀਂ ਦੁਬਕ ਕੇ ਬੈਠੇ ਹੋਏ ਸਨ...ਬਾਹਰ ਆਉਣ ਤੋਂ ਵੀ ਲੋਕੀਂ ਕੰਨੀਂ ਕਤਰਾ ਰਹੇ ਸਨ...ਹਰੇਕ ਵਿਅਕਤੀ ਨੂੰ ਆਪਣੇ ਜਾਨ-ਮਾਲ ਦੀ ਫ਼ਿਕਰ ਸਤਾ ਰਹੀ ਸੀ...।

ਮੇਰਾ ਹਾਲ ਵੀ ਇਹਨਾਂ ਤੋਂ ਕੋਈ ਜੁਦਾ ਨਹੀਂ ਸੀ, ਪਰ ਆਪਣੀ ਜਾਨ ਤੋਂ ਸਿਵਾ ਮੈਨੂੰ ਤਾਂ ਕਿਸੇ ਹੋਰ ਜਾਨ ਦਾ ਡਰ ਵੀ ਸਤਾ ਰਿਹਾ ਸੀ....। ਰਹਿ-ਰਹਿ ਕੇ ਮੈਨੂੰ 'ਮ੍ਰਿਗ-ਨੈਣੀ' ਦਾ ਚੇਤਾ ਆ ਰਿਹਾ ਸੀ...." ਉਹ ਵੀ ਤਾਂ ਪੌਣੇ ਪੰਜ ਦੀ ਗੱਡੀ ਹੀ ਆਉਂਦੀ ਏ...ਜੇ ਕਿਤੇ ਅੱਜ ਵੀ ਉਹ ਆਈ, ਤੇ......!" ਮੈਂ ਆਪ ਹੀ ਆਪਣੇ ਖ਼ਿਆਲਾਂ ਨੂੰ ਜ਼ਿਹਨ 'ਚ ਆਉਣ ਤੋਂ ਵਰਜ਼ ਰਿਹਾ ਸੀ...।

ਪਤਾ ਨਹੀਂ ਕੀ ਸੋਚ ਕੇ ਮੈਂ ਸ਼ਾਮੀਂ ੪ ਵਜੇ 'ਟੇਸ਼ਨ ਤੇ ਜਾ ਪਹੁੰਚਿਆ...। ਕਿਸੇ ਨੇ ਮੈਨੂੰ ਰੋਕਿਆ-ਟੋਕਿਆ ਨਹੀਂ, ਕਿਉਂਜੋ ਮੈਂ ਘਰ ਦਿਆਂ ਤੋਂ ਅੱਖ ਬਚਾ ਕੇ ਹੀ

ਬਾਹਰ ਨਿਕਲ ਆਇਆ ਸੀ...। "ਕੱਲ ਦੀ ਪੌਣੇ ਪੰਜ ਦੀ ਗੱਡੀ ਰੱਦ ਕਰ ਦਿਓ... ਰੋਕ ਦਿਓ ਉਸਨੂੰ.....!"

ਇੱਕ ਅਜੀਬ ਜਿਹਾ ਖੌਫ਼ ਸੀ ਮੇਰੇ ਅੰਦਰ... ਤੇ ਮੈਂ ਅੰਦਰੋਂ ਡਰੇ ਹੋਏ ਹੋਣ ਦੇ ਬਾਵਜੂਦ ਵੀ ਰੇਲ ਅਧਿਕਾਰੀਆਂ ਨੂੰ ਇਸ ਤਰ੍ਹਾਂ ਕਹਿ ਗਿਆ ਸੀ ਜਿਵੇਂ ਮੈਂ ਉਹਨਾਂ ਨੂੰ ਕੋਈ ਹੁਕਮ ਸੁਣਾਇਆ ਹੋਵੇ...। ਮੈਨੂੰ ਆਪਣੀ ਭੂਆ ਦੀ ਚਿੰਤਾ ਵੱਢ-ਵੱਢ ਖਾ ਰਹੀ ਸੀ, ਕਿਉਂਕਿ ਉਹਨੇ ਕੱਲ੍ਹ ਦੀ ਗੱਡੀ ਤੋਂ ਰਾਵਲਪਿੰਡੀ ਆਉਣ ਬਾਰੇ ਆਪਣੇ ਖ਼ਤ 'ਚ ਲਿਖਿਆ ਹੋਇਆ ਸੀ...। ਇਸ ਲਈ ਮੋਹ ਦਾ ਮਾਰਿਆ ਮੈਂ ਤਾਂ,ਕੱਲ੍ਹ ਦੀ ਗੱਡੀ ਰੁਕਵਾਉਣ ਤੱਕ ਵੀ ਅੱਪੜ ਆਇਆ ਸੀ 'ਟੇਸ਼ਨ 'ਤੇ...!

ਪਰ ਗੱਲ ਤਾਂ ਕੀ ਮੰਨਣੀ ਸੀ, ਉਹਨਾਂ ਨੇ ਮੈਨੂੰ ਧੱਕੇ ਮਾਰ-ਮਾਰ ਦਫਤਰੋਂ ਹੀ ਬਾਹਰ ਕੱਢ ਦਿੱਤਾ ਤੇ ਜਾਂਦੇ-ਜਾਂਦੇ ਕਹਿ ਗਏ," ਓਏ, ਜਾ ਮੁੜ ਜਾ ਘਰ ਨੂੰ... ਕਿਉਂ ਖੱਜਲ-ਖ਼ੁਆਰੀ ਕਰਾ ਰਿਹੈਂ...? ਨਾਲੇ ਤੇਰੇ ਕਹਿਣ 'ਤੇ ਗੱਡੀਆਂ ਨ੍ਹੀ ਰੋਕ ਦੇਣੀਆਂ ਅਸੀਂ....!"

ਉਹਨਾਂ ਨਾਲ ਬਹਿਸ-ਬਾਜ਼ੀ ਕਰਦੇ-ਕਰਦੇ ਹੀ ਪੌਣੇ ਪੰਜ ਦੀ ਗੱਡੀ ਆ ਗਈ.. ਸਭ ਥਾਈਂ ਅਫ਼ੜਾ-ਤਫ਼ੜੀ ਮੱਚ ਗਈ... ਲੋਕਾਂ ਦੀਆਂ ਚੀਕਾਂ ਨਾਲ ਆਲਾ-

ਦੁਆਲਾ ਤੱਕ ਗੂੰਜ ਉੱਠਿਆ...। ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਕੀ ਹੋ ਰਿਹਾ ਏ...ਪਲਾਂ-ਛਿਣਾਂ 'ਚ ਹੀ 'ਟੇਸ਼ਨ ਦਾ ਵਾਤਾਵਰਣ ਬਦਲ ਚੁੱਕਾ ਸੀ..।

ਗੱਡੀ ਤੋਂ ਕੁੱਝ ਨਕਾਬਪੋਸ਼ ਉੱਤਰੇ ਤੇ ਪਿੰਡ ਵੱਲ ਨੂੰ ਹੋ ਤੁਰੇ...੪-੫ ਨਕਾਬਪੋਸ਼ ਅੱਗੇ ਚਲੇ ਗਏ ਸਨ ਤੇ ੪-੫ ਅਜੇ ਵੀ ਗੱਡੀ 'ਚ ਬਾਕੀ ਸਨ...। ਮੈਂ ਦਫ਼ਤਰ ਦੀ ਬੰਦ ਖਿੜਕੀ ਤੋਂ ਸਭ ਕੁੱਝ ਵੇਖ ਰਿਹਾ ਸੀ...। ਫੇਰ ਗੱਡੀ ਤੋਂ ਉਹ ਬਚੇ ਹੋਏ ੪-੫ ਨਕਾਬਪੋਸ਼ ਵੀ ਉੱਤਰ ਆਏ ਤੇ ਲਹੂ ਭਿੱਜੇ ਖ਼ੰਜਰਾਂ ਨਾਲ ਪਿੰਡ ਵੱਲ ਨੂੰ ਭੱਜ ਤੁਰੇ...।

ਇਹ ਉਹੀ ਲੁਟੇਰੇ ਸਨ,ਜੋ ਜੇਲ੍ਹ 'ਚੋਂ ਭੱਜ ਨਿਕਲੇ ਸਨ..। ਇਹਨਾਂ ਡਾਕੂ-ਲੁਟੇਰਿਆਂ ਨੇ ਪਿੰਡ 'ਚ ਕੋਈ ਖ਼ੂਨ-ਖ਼ਰਾਬਾ ਨਹੀਂ ਕੀਤਾ ਸੀ, ਪਰ ਲੁੱਟ-ਖਸੁੱਟ ਇੰਨੀ ਕੁ ਕਰ ਦਿੱਤੀ ਸੀ ਕਿ ਅਮੀਰ ਵੀ ਗਰੀਬਾਂ ਜਿਹੇ ਰੁਤਬੇ 'ਤੇ ਆ ਗਏ ਸਨ, ਸ਼ੈਆਂ ਪੱਖੋਂ ਵੀ ਤੇ ਪੈਸਿਆਂ ਪੱਖੋਂ ਵੀ...!

ਕੋਈ ਦੋ-ਤਿੰਨ ਘੰਟਿਆਂ ਪਿੱਛੋਂ ਉਹ ਮੁੜ ਗੱਡੀ 'ਚ ਆ ਬੈਠੇ ਤੇ ਅਗਲੇ ਪਿੰਡ ਵੱਲ ਵੱਧ ਗਏ..। ਜਾਣ ਤੋਂ ਪਹਿਲਾਂ ਉਹਨਾਂ ਨੇ ਗੱਡੀ 'ਚੋਂ ਕੁੱਝ ਲਾਸ਼ਾਂ ਵੀ ਬਾਹਰ

'ਟੇਸ਼ਨ 'ਤੇ ਸੁੱਟ ਦਿੱਤੀਆਂ... ਸ਼ਾਇਦ ਇਹ ਉਹਨਾਂ ਲੋਕਾਂ ਦੀਆਂ ਲੋਥਾਂ ਸਨ, ਜਿਹਨਾਂ ਨੇ ਇਹਨਾਂ ਨਕਾਬਪੋਸ਼ਾਂ ਦਾ ਵਿਰੋਧ ਕੀਤਾ ਹੋਵੇਗਾ...

ਨਕਾਬਪੋਸ਼ਾਂ ਯਾਨਿ ਕਿ ਲੁਟੇਰਿਆਂ ਦੇ ਇਸ ਤਰ੍ਹਾਂ ਆਉਣ ਬਾਰੇ ਕੋਈ ਨਹੀਂ ਜਾਣਦਾ ਸੀ, ਪਰ ਅਣਹੋਣੀ ਤਾਂ ਹੋ ਚੁੱਕੀ ਸੀ... ਕੋਈ ਅਣਹੋਣੀ ਨੂੰ ਰੋਕ ਨਹੀਂ ਸੀ ਸਕਿਆ...।

ਮੈਂ ਦਫ਼ਤਰ ਤੋਂ ਬਾਹਰ ਨਿਕਲਿਆ... ਲਾਸ਼ਾਂ ਨੂੰ ਵੇਖਣ ਲੱਗਾ... ਉਨ੍ਹਾਂ ਦੀ ਹਾਲਤ ਤੋਂ ਮੈਨੂੰ ਪਹਿਲੀ ਵਾਰ ਦਰਦਨਾਕ ਮੌਤ ਦਾ ਅਹਿਸਾਸ ਹੋਇਆ ਸੀ...। ਜੋ ਮਰ ਚੁੱਕੇ ਸਨ, ਉਹਨਾਂ ਦੀਆਂ ਅੱਖਾਂ ਤਾਂ ਸਦਾ-ਸਦਾ ਲਈ ਬੰਦ ਹੋ ਚੁੱਕੀਆਂ ਸਨ....

ਪਰ ਦੋ ਅੱਖਾਂ ਪਤਾ ਨਹੀਂ ਕਦ ਤੋਂ ਮੈਨੂੰ ਵੇਖ ਰਹੀਆਂ ਸਨ...! ਇਹ ਉਹੀ ਸੀ ' ਮ੍ਰਿਗ-ਨੈਣੀ'.....! ਫਿਰ ਬੱਸ ਮੈਂ ਉਹਨੂੰ ਵੇਖਿਆ ਤੇ .....ਇਸ ਵਾਰੀ ਓਹਨੇ ਵੀ ਮੈਨੂੰ ਵੇਖਿਆ..... ਸ਼ਾਇਦ ਆਖ਼ਿਰੀ ਵਾਰੀ.....!

www.PunjabiLibrary.com

## .....ਨਾਵਾਕਫ਼.....

" ਦੱਸਦੀ ਕਿਉਂ ਨ੍ਹੀ ਕੌਣ ਏ ਇਹ....?"

ਸਲੀਮ ਨੇ ਸ਼ਾਇਦ ਮੈਥੋਂ ਅੰਤਿਮ ਵਾਰੀ ਪੁੱਛਿਆ ਸੀ...

ਪਰ ਅੱਗੋਂ ਮੇਰਾ ਜਵਾਬ ਅਜੇ ਵੀ ਓਹੀਓ ਸੀ...

" ਮੈਂ ਇਸਨੂੰ ਨਹੀਂ ਜਾਣਦੀ...."

"ਇਹ ਕੀ ਕਹਿ ਰਹੀ ਏਂ ਜ਼ਹਿਰਾ.....ਦੱਸ ਕਿਉਂ ਨ੍ਹੀ ਦਿੰਦੀ ਕਿ ਮੈਂ ਕੌਣ ਹਾਂ ਤੇ ਤੇਰਾ ਕੀ ਲੱਗਦਾ ਹਾਂ...."

ਵਜ਼ਮ ਤਰਲੇ ਕਰ ਰਿਹਾ ਸੀ ਮੇਰੇ....

"ਜ਼ਹਿਰਾ ਕੀ ਲੱਗਦਾ ਏ ਏਹ ਤੇਰਾ....? ਕੌਣ ਏ ਏਹ.....?"

ਇਹ ਸੁਆਲ ਅੱਬਾ ਜਾਨ ਦਾ ਆਖ਼ਿਰੀ ਸੀ...

ਤੇ ਮੇਰਾ ਆਖ਼ਿਰੀ ਜਵਾਬ ਸੀ...

" ਨਾਵਾਕਫ਼...."

ਇਹ 'ਨਾਵਾਕਫ਼' ਲਫ਼ਜ਼ ਮੈਂ ਉਸ ਲਈ ਵਰਤਿਆ ਸੀ, ਜੋ ਮੇਰੀ ਰੂਹ ਤੱਕ ਦਾ ਵੀ ਵਾਕਿਫ਼ ਸੀ....

ਵਜ਼ਮ ਮੇਰਾ ਪਹਿਲਾ ਪਿਆਰ ਸੀ ਤੇ ਸ਼ਾਇਦ ਆਖ਼ਿਰੀ ਵੀ....ਪਿਆਰ ਤਾਂ ਮੈਂ ਵਜ਼ਮ ਨਾਲ ਹੀ ਕੀਤਾ ਸੀ,ਪਰ ਨਿਗਾਹ ਮੇਰਾ ਹੋਇਆ ਸਲੀਮ ਨਾਲ....

ਸਲੀਮ, ਜੋ ਮੇਰੇ ਅੱਬਾ ਜਾਨ ਦੇ ਦੋਸਤ, ਪਰ ਮੂੰਹ ਬੋਲੇ ਭਰਾ ਬਸ਼ੀਰ ਦਾ ਪੁੱਤਰ ਸੀ...ਬਸ਼ੀਰ ਤੇ ਮੇਰੇ ਅੱਬਾ ਜਾਨ ਦੀ ਵਾਕਫ਼ਿਅਤ ਤਾਂ ਬਚਪਨ ਤੋਂ ਹੀ ਸੀ...ਦੋਵੇਂ ਪੱਕੇ ਦੋਸਤ ਸਨ.... ਸਲੀਮ ਨਾਲ ਮੇਰੇ ਨਿਗਾਹ ਤੋਂ ਬਾਅਦ ਤਾਂ ਦੋਵਾਂ ਦੀ ਦੋਸਤੀ ਯਾਨਿ ਕਿ ਮੇਰੇ ਅੱਬਾ ਜਾਨ ਤੇ ਉਹਨਾਂ ਦੇ ਦੋਸਤ ਬਸ਼ੀਰ ਦੀ ਦੋਸਤੀ ਹੋਰ ਵੀ ਪਕੇਰੀ ਹੋ ਜਾਣੀ ਸੀ, ਇਹ ਸੋਚ ਕੇ ਮੇਰੇ ਅੱਬਾ ਜਾਨ ਨੇ ਮੇਰਾ ਨਿਗਾਹ ਸਲੀਮ ਨਾਲ ਪੜ੍ਹਵਾਉਣ ਦੀ ਸੋਚ ਰੱਖੀ ਸੀ....

ਸ਼ੁਰੂ ਤੋਂ ਹੀ ਮੇਰੇ ਤੇ ਮੇਰੇ ਅੱਬਾ ਜਾਨ ਦੀ ਸੋਚ ਵੱਖੋ-ਵੱਖਰੀ ਰਹੀ ਸੀ...ਮੇਰੇ ਖ਼ਿਆਲਾਤ ਆਪਣੇ ਅੱਬਾ ਜਾਨ ਨਾਲ ਕੋਈ ਬਹੁਤੇ ਮਿਲਦੇ ਨਹੀਂ ਸਨ ਹੁੰਦੇ, ਜਦਕਿ ਮੈਂ ਉਹਨਾਂ ਦਾ ਆਪਣਾ ਖ਼ੂਨ ਸੀ.....

' ਜਿਹੋ ਜਿਹੀ ਕੋਕੋ, ਓਹੋ ਜਿਹੇ ਬੱਚੇ....' ਵਾਲੀ ਗੱਲ ਮੇਰੇ 'ਤੇ ਢੁੱਕਦੀ ਨਹੀਂ ਸੀ, ਅੱਬਾ ਜਾਨ ਨੂੰ ਜਹਾਨ 'ਤੇ ਸਿਰਫ਼ ਤੇ ਸਿਰਫ਼ ਸ਼ਾਨੋ-ਸ਼ੌਕਤ, ਪੈਸਾ, ਨਾਮ ਤੇ ਆਰਾਮ ਹੀ ਦਿੱਸਦਾ ਸੀ, ਪਰ ਮੈਨੂੰ ਦਿੱਸਦਾ ਸੀ ਸਿਰਫ਼ ਪਿਆਰ ਤੇ ਪਿਆਰ....

ਮੇਰੇ ਲਈ ਜਹਾਂ ਵਿੱਚ ਪਿਆਰ ਵਸਿਆ ਹੋਇਆ ਸੀ ਤੇ ਪਿਆਰ ਵਿੱਚ ਜਹਾਨ.....

ਮੈਨੂੰ ਅੱਜ ਵੀ ਯਾਦ ਏ ਜਦ ਮੈਂ ਛੋਟੀ ਹੋਇਆ ਕਰਦੀ ਸੀ ਤਾਂ ਇੱਕ ਵੇਰਾਂ ਮੈਂ ਇੱਕ ਸ਼ੈਅ ਨੂੰ ਲੈਣ ਲਈ ਅੜ੍ਹ ਗਈ..... ਇਹ ਇੱਕ ਮਿੱਟੀ ਦਾ ਖਿਡੌਣਾ ਸੀ....ਜੋ ਬੇਹੱਦ ਹੀ ਖ਼ੂਬਸੂਰਤ ਸੀ ਤੇ ਮੈਨੂੰ ਬਹੁਤ ਪਸੰਦ ਆਇਆ ਸੀ....

*' ਦਿਲ ਜੋ ਚਾਵੇ...*

*ਉਹ ਸਭ ਮਿਲ ਜਾਵੇ....*

*ਇਹ ਜ਼ਰੂਰੀ ਤਾਂ ਨਹੀਂ....'*

ਜਿਵੇਂ ਮੇਰਾ ਪਿਆਰ ਮੇਰਾ ਨਹੀਂ ਹੋ ਸਕਿਆ... ਮੈਂ ਤਾਂ ਕਿਸੇ ਹੋਰ ਦੀ ਹੋ ਗਈ....ਪਰ ਉਹ ਯਾਨਿ ਮੇਰਾ ਪਿਆਰ , ਅੱਗੋਂ ਕਿਸੇ ਹੋਰ ਦਾ ਨਹੀਂ ਹੋ ਸਕਿਆ...

ਕੁੱਝ  ਇੰਝ ਦਾ ਹੀ ਮੇਰੇ ਨਾਲ ਬਚਪਨ ਵਿੱਚ ਹੋਇਆ ਸੀ...ਮੈਂ ਉਸ ਖ਼ੂਬਸੂਰਤ ਖਿਡੌਣੇ ਨੂੰ ਖਰੀਦਣਾ ਚਾਹੁੰਦੀ ਸੀ ਤੇ ਉਸ ਖਿਡੌਣੇ ਲਈ ਜ਼ਿੱਦ ਤੱਕ ਵੀ ਅੱਪੜ ਆਈ ਸੀ, ਪਰ ਮੇਰੇ ਅੱਬਾ ਜਾਨ ਨੇ ਮੈਨੂੰ ਉਸ ਤੋਂ ਵੀ ਮਹਿੰਗਾ ਤੇ ਕੀਮਤੀ ਖਿਡੌਣਾ ਲੈ ਕੇ ਦੇ ਦਿੱਤਾ ਸੀ....

ਜਿਸ ਤਰ੍ਹਾਂ ਉਹਨਾਂ ਨੇ ਆਪਣੇ ਅਮੀਰ ਦੋਸਤ ਬਸ਼ੀਰ ਦੇ ਅਮੀਰ ਪੁੱਤਰ ਸਲੀਮ ਨਾਲ ਮੇਰਾ ਨਿਗਾਹ ਕਰਾ ਦਿੱਤਾ ਸੀ....ਇੱਕ ਤਰ੍ਹਾਂ ਤਾਂ ਉਹਨਾਂ ਨੇ ਸਲੀਮ ਨੂੰ ਮੇਰੇ ਲਈ ਖ਼ਰੀਦ ਹੀ ਲਿਆ ਸੀ ਨਾ....! ਇਹ ਸੋਚ ਕੇ ਕਿ ਸਲੀਮ ਮੇਰੀਆਂ ਸਾਰੀਆਂ ਖੁਸ਼ੀਆਂ ਨੂੰ ਖ਼ਰੀਦ ਕੇ ਦੇ ਸਕਣ ਦੀ ਹੈਸੀਅਤ ਰੱਖਦਾ ਏ...

ਪਰ ' ਖੁਸ਼ੀਆਂ ਕਦੇ ਖਰੀਦੀਆਂ ਨਹੀਂ ਜਾ ਸਕਦੀਆਂ ਤੇ ਜੋ ਖਰੀਦੀਆਂ ਜਾ ਸਕਣ, ਉਹ ਖੁਸ਼ੀਆਂ ਨਹੀਂ ਰਹਿੰਦੀਆਂ....'

ਅੱਬਾ ਜਾਨ ਨੇ ਸੋਚਿਆ ਸੀ ਕਿ ਉਹਨਾਂ ਨੇ ਮੇਰੇ ਲਈ ਖੁਸ਼ੀਆਂ ਖ਼ਰੀਦ ਲਈਆਂ ਨੇ...ਪਰ ਮੇਰੀ ਖੁਸ਼ੀ ਤਾਂ....

ਖ਼ੈਰ, ਮੈਂ ਗੱਲ ਕਰ ਰਹੀ ਸੀ ਮਿੱਟੀ ਦੇ ਖਿਡੌਣੇ ਦੀ...ਮੈਂ ਉਸ ਖਿਡੌਣੇ ਨੂੰ ਖ਼ਰੀਦ ਨਹੀਂ ਸੀ ਸਕੀ...ਉਸ ਵੇਲ਼ੇ ਮੇਰੀ ਉਸ ਖਿਡੌਣੇ ਨੂੰ ਪਾਉਣ ਤੇ ਉਸ ਨਾਲ ਖੇਡਣ ਦੀ ਖਵਾਇਸ਼ ਅਧੂਰੀ ਹੀ ਰਹਿ ਗਈ ਸੀ...ਜਿਵੇਂ ਵਜ਼ਮ ਨਾਲ ਵੱਸਣ ਤੇ ਉਸ ਨਾਲ ਆਪਣੀ ਹਯਾਤੀ ਹੰਢਾਉਣ ਦੀ ਮੇਰੀ ਖਵਾਇਸ਼ ਅਧੂਰੀ ਹੀ ਰਹਿ ਗਈ.....

ਇੱਕ ਦਿਨ ਸਕੂਲ ਵਿੱਚ ਅਧਿਆਪਕ ਨੇ ਵਜ਼ਮ ਨੂੰ ਇਸ ਗੱਲੋਂ ਬਾਹਰ ਕੱਢ ਦਿੱਤਾ ਸੀ ਕਿ ਉਹ ਨਹਾ ਕੇ ਨਹੀਂ ਸੀ ਆਇਆ, ਓਹਨੇ ਆਪਣੇ ਵੱਲੋਂ

ਅਧਿਆਪਕ ਨੂੰ ਸਮਝਾਉਣ ਦੀ ਬੜੀ ਕੋਸ਼ਿਸ ਕੀਤੀ ਸੀ ਕਿ ਉਹ ਆਪਣੇ ਅੱਬਾ ਜਾਨ ਨਾਲ ਕੰਮ ਕਰਾਉਣ ਲਈ ਚਲਿਆ ਗਿਆ ਸੀ ਤੇ ਆਉਂਦੇ-ਆਉਂਦੇ ਉਸਨੂੰ ਦੇਰ ਹੋ ਗਈ... ਉੱਥੋਂ ਤਾਂ ਉਹ ਸਿੱਧਾ ਹੀ ਸਕੂਲ ਵੱਲ ਨੂੰ ਭੱਜਿਆ ਆਇਆ ਏ...

ਵਿਚਾਰੇ ਨੂੰ ਮਿੱਟੀ-ਘੱਟੇ ਤੇ ਗ਼ਰਦ ਨਾਲ ਭਰਿਆ ਤੇ ਉੱਤੋਂ ਗਰਮੀ ਨਾਲ ਮੁੜ੍ਹਕੋਂ-ਮੁੜ੍ਹਕੀਂ ਹੋਇਆ ਵੇਖ ਕੇ ਅਧਿਆਪਕ ਨੇ ਸਮਝਿਆ ਸੀ ਕਿ ਉਹ ਨਹਾ ਕੇ ਨਹੀਂ ਆਇਆ....

ਅਧਿਅਪਕ ਨੇ ਉਸਨੂੰ ਜਮਾਤ ਵਿੱਚੋਂ ਬਾਹਰ ਕੱਢ ਦਿੱਤਾ ਸੀ ਤੇ ਫੇਰ ਪੂਰੀ ਛੁੱਟੀ ਹੋਣ ਤੱਕ ਵਿਚਾਰਾ ਬਾਹਰ ਹੀ ਖੜ੍ਹਾ ਰਿਹਾ......ਮੈਨੂੰ ਉਸ 'ਤੇ ਬੜਾ ਤਰਸ ਆਇਆ ਸੀ, ਉਸ ਦਿਨ....ਉਸਦਾ ਹਾਲ ਵੇਖ ਕੇ ਮੈਂ ਆਪ-ਮੁਹਾਰੇ ਹੀ ਕਹਿ ਬੈਠੀ ਸੀ...

' ਬੇਵਜ੍ਹਾ ਹੀ ਸਜ਼ਾ....'

ਮੈਨੂੰ ਉਸ ਨਾਲ ਪਹਿਲੀ ਦਫ਼ਾ ਹਮਦਰਦੀ ਹੋਈ ਸੀ ਤੇ ਸ਼ਾਇਦ ਉਸ ਨੇ ਵੀ ਮੇਰੀਆਂ ਅੱਖਾਂ 'ਚ ਖ਼ੁਦ ਲਈ ਪੈਦਾ ਹੋਈ ਹਮਦਰਦੀ ਨੂੰ ਪੜ੍ਹ ਲਿਆ ਸੀ....

" ਤੈਨੂੰ ਇਹ ਖਿਡੌਣਾ ਪਸੰਦ ਏ...." ਵਜ਼ਮ ਨੇ ਮੈਂਥੋਂ ਉਸ ਵੇਲੇ ਪੁੱਛਿਆ, ਜਦ ਸਕੂਲੋਂ ਛੁੱਟੀ ਹੋਈ ਤੇ ਅਸੀਂ ਘਰ ਪਰਤ ਰਹੇ ਸੀ...

ਮੈਂ ਉਸਨੂੰ ਆਪਣਾ ਦੋਸਤ ਬਣਾ ਲਿਆ ਸੀ ਤੇ ਹੁਣ ਮੇਰੇ ਹੋਰ ਦੋਸਤਾਂ ਨਾਲ ਉਹ ਵੀ ਮੇਰੇ ਨਾਲ ਸਕੂਲ ਆਇਆ-ਜਾਇਆ ਕਰਦਾ ਸੀ... ਮੇਰੇ ਅੱਬਾ ਜਾਨ ਨੇ ਖਾਸ ਇੱਕ ਮੋਟਰ ਦਾ ਪ੍ਰਬੰਧ ਕੀਤਾ ਹੋਇਆ ਸੀ...ਮੇਰੇ ਸਕੂਲ ਜਾਂ ਕਿਤੇ ਹੋਰ ਵੀ ਨੇੜ੍ਹੇ-ਤੇੜੇ ਆਉਣ-ਜਾਣ ਲਈ.....ਉਹ ਤਾਂ ਚਾਹੁੰਦੇ ਸਨ ਕਿ ਇਸ ਮੋਟਰ 'ਚ ਸਵਾਰ ਹੋ ਕੇ ਸਿਰਫ਼ ਮੈਂ ਹੀ ਜਾਇਆ-ਆਇਆ ਕਰਾਂ... ਪਰ ਮੈਨੂੰ ਆਪਣੇ ਦੋਸਤਾਂ ਨਾਲ ਸ਼ੁਰੂ ਤੋਂ ਹੀ ਬੜਾ ਮੋਹ ਸੀ, ਇਸ ਲਈ ਮੈਂ ਉਹਨਾਂ ਨੂੰ ਵੀ ਆਪਣੇ ਨਾਲ ਹੀ ਮੋਟਰ 'ਚ ਬਿਠਾ ਲਿਆ ਕਰਦੀ ਸੀ....

ਵਿਚਾਰੇ ਉਹਨਾਂ ਨੂੰ ਵੀ ਤਾਂ ਧੁੱਪ ਲੱਗਦੀ ਹੋਵੇਗੀ, ਕਈਆਂ ਦਾ ਹਾਲ ਤਾਂ ਇਹੋ ਜਿਹਾ ਸੀ ਕਿ ਪੈਰੋਂ ਵੀ ਨੰਗੇ ਸਨ ਤੇ ਸਿਰੋਂ ਵੀ....ਉੱਤੋਂ ਨੰਗੇ ਸਿਰ ਤੇਜ਼ ਧੁੱਪ 'ਚ ਮੀਲਾਂ ਦਾ ਸਫ਼ਰ ਤੈਅ ਕਰਨ ਲਈ ਮਜ਼ਬੂਰ ਸਨ....

ਜਦ ਅਸੀਂ ਦੁਪਹਿਰੇ ਸਕੂਲ ਤੋਂ ਛੁੱਟੀ ਹੋਇਆਂ ਘਰਾਂ ਨੂੰ ਮੁੜ ਰਹੇ ਸਾਂ ਤਾਂ ਮੈਨੂੰ ਰਸਤੇ 'ਚ ਓਹੀ ਖਿਡੌਣਿਆਂ ਦੀ ਦੁਕਾਨ ਦਿੱਸੀ, ਜਿਸ ਦੇ ਕੋਲ ਬੈਠਾ ਇੱਕ ਵਿਅਕਤੀ ਮਿੱਟੀ ਦੇ ਖਿਡੌਣੇ ਬਣਾ-ਬਣਾ ਕੇ ਵੇਚ ਰਿਹਾ ਸੀ...

ਉਹ ਸ਼ਕਲੋਂ ਵੀ ਗ਼ਰੀਬ ਜਿਹਾ ਹੀ ਦਿੱਸਦਾ ਸੀ ਤੇ ਹੈ ਵੀ ਗ਼ਰੀਬ ਹੀ ਸੀ...ਪਰ ਉਸਦੇ ਭੈੜੇ ਤੇ ਲਿਬੜੇ ਹੱਥਾਂ ਤੋਂ ਬਣੇ ਖਿਡੌਣੇ ਬੇਹੱਦ ਹੀ ਖ਼ੂਬਸੂਰਤ ਸਨ.... ਮੈਂ ਡ੍ਰਾਈਵਰ ਨੂੰ ਕਹਿ ਕੇ ਗੱਡੀ ਰੁਕਵਾ ਲਈ ਤੇ ਉਸ ਗ਼ਰੀਬ ਜਿਹੇ ਦਿੱਸਦੇ ਵਿਅਕਤੀ ਦੇ ਬਣਾਏ ਹੋਏ ਖਿਡੌਣਿਆਂ ਨੂੰ ਨਿਹਾਰਦੀ ਰਹੀ...

ਡ੍ਰਾਈਵਰ ਨੇ ਸ਼ਾਇਦ ਇਹ ਸਮਝ ਲਿਆ ਸੀ ਕਿ ਮੈਂ ਦੁਕਾਨ ਤੋਂ ਕੋਈ ਖਿਡੌਣਾ ਖਰੀਦਣ ਲਈ ਗੱਡੀ ਰੁਕਵਾਈ ਏ, ਪਰ ਜਦ ਮੈਂ ਦੁਕਾਨ ਦੀ ਬਜਾਏ ਦੁਕਾਨ ਦੇ ਕੋਲ ਜ਼ਮੀਨ 'ਤੇ ਬੈਠੇ ਮਿੱਟੀ ਦੇ ਖਿਡੌਣੇ ਵੇਚ ਰਹੇ ਵਿਅਕਤੀ ਕੋਲ ਜਾ ਖੜੀ ਹੋਈ ਤਾਂ ਉਸਨੇ ਮੈਨੂੰ ਕਿਹਾ ਕਿ ਮੈਂ ਛੇਤੀ ਨਾਲ ਗੱਡੀ 'ਚ ਆ ਕੇ ਬਹਿ ਜਾਵਾਂ, ਨਹੀਂ ਤਾਂ ਜੇ ਮੇਰੇ ਅੱਬਾ ਜਾਨ ਨੂੰ ਪਤਾ ਲੱਗ ਗਿਆ ਤਾਂ ਉਹ ਓਹਦੀ ਚਮੜੀ ਉਧੇੜ ਦੇਣਗੇ.....

ਮੈਂ ਡ੍ਰਾਈਵਰ ਦੀ ਗੱਲ ਸੁਣ ਕੇ ਵੀ ਅਣਸੁਣੀ ਕਰ ਦਿੱਤੀ ਤੇ ਆਪਣੇ ਦੋਸਤਾਂ ਨੂੰ ਵੀ ਬਾਹਰ ਬੁਲਾ ਲਿਆ... ਫੇਰ ਜਦ ਮੈਨੂੰ ਵਜ਼ਮ ਨੇ ਓਹੀ ਮਿੱਟੀ ਦਾ ਖਿਡੌਣਾ ਨੀਝ ਨਾਲ ਨਿਹਾਰਦੇ ਹੋਏ ਵੇਖਿਆ ਸੀ ਤਾਂ ਉਸਨੇ ਮੈਨੂੰ ਪੁੱਛਿਆ ਸੀ," ਤੈਨੂੰ ਏਹ ਖਿਡੌਣਾ ਪਸੰਦ ਏ...."

ਮੈਂ ਉਸ ਵੇਲੇ ਵੀ ਖਿਡੌਣਾ ਨਹੀਂ ਸੀ ਖਰੀਦਿਆ, ਕਿਉਂਕਿ ਮੈਨੂੰ ਡਰ ਸੀ ਕਿ ਜੇ ਕਿਤੇ ਮੇਰੇ ਅੱਬਾ ਜਾਨ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਜਾਂ ਫੇਰ ਡ੍ਰਾਈਵਰ ਨੇ ਹੀ ਇਹ ਗੱਲ ਮੇਰੇ ਅੱਬਾ ਜਾਨ ਨੂੰ ਜਾ ਦੱਸੀ ਤਾਂ ਉਹ ਬਹੁਤ ਨਰਾਜ਼ ਹੋਣਗੇ.... ਉਸ ਵਖ਼ਤ ਮੈਂ ਤਾਂ ਉਥੋਂ ਖਿਡੌਣਾ ਬਿਨਾਂ ਖਰੀਦੇ ਹੀ ਚਲੀ ਗਈ ਸੀ... ਪਰ ਵਜ਼ਮ ਨੇ ਉਹ ਖਿਡੌਣਾ ਮੇਰੇ ਲਈ ਖਰੀਦ ਲਿਆ ਸੀ.....

ਜਿਸ ਦਿਨ ਮੇਰਾ ਜਨਮਦਿਨ ਸੀ, ਮੈਂ ਆਪਣੇ ਸਾਰੇ ਦੋਸਤਾਂ ਨੂੰ ਬੁਲਾਇਆ ਸੀ, ਵਜ਼ਮ ਨੂੰ ਵੀ...ਪਰ ਉਹ ਆਇਆ ਹੀ ਨਹੀਂ... ਓਹਦੀ ਪ੍ਰੇਸ਼ਾਨੀ ਸੀ ਓਹਦੇ ਕੱਪੜੇ.... ਉਸ ਕੋਲ ਨਵੇਂ ਕੱਪੜੇ ਨਹੀਂ ਸਨ ਪਾਉਣ ਲਈ...ਤੇ ਇਹ ਇੱਕ ਵਜ੍ਹਾ ਹੀ ਕਾਫ਼ੀ ਸੀ, ਉਸਦੇ ਨਾ ਆਉਣ ਲਈ...

ਮੇਰੇ ਲਈ ਤਾਂ ਮੇਰੇ ਸਾਰੇ ਦੋਸਤ ਹੀ ਜ਼ਰੂਰੀ ਸਨ ਤੇ ਵਜ਼ਮ ਤਾਂ ਮੇਰਾ ਖ਼ਾਸ ਦੋਸਤ ਬਣ ਗਿਆ ਸੀ....ਸਾਡੇ ਵਿੱਚ ਬੇਸ਼ੱਕ ਕਿਸੇ ਵੀ ਪੱਖ ਤੋਂ ਸਮਾਨਤਾ ਨਹੀਂ ਸੀ, ਪਰ ਇੱਕ ਸਾਂਝ ਜ਼ਰੂਰ ਸੀ...ਉਹ ਸੀ ਹਮਦਰਦੀ ਦੀ....

ਜਦ ਮੈਨੂੰ ਪਤਾ ਲੱਗਿਆ ਕਿ ਵਜ਼ਮ ਨਹੀਂ ਆਇਆ ਤਾਂ ਮੈਂ ਆਪਣੇ ਘਰ ਦੇ ਕਿਸੇ ਨੌਕਰ ਨੂੰ ਕਹਿ ਕੇ ਉਸਨੂੰ ਆਉਣ ਦਾ ਸੁਨੇਹਾ ਘੱਲਿਆ.... ਕੇਕ ਕੱਟਿਆ ਜਾ ਚੁੱਕਾ ਸੀ ਤੇ ਸਭ ਮਹਿਮਾਨ ਖਾਣ-ਪੀਣ 'ਚ ਮਸ਼ਰੂਫ ਸਨ... ਇੱਕ ਤੋਂ ਇੱਕ ਉਮਦਾ ਪਕਵਾਨ ਬਣੇ ਹੋਏ ਸਨ ਤੇ ਮਹਿਮਾਨ ਇਨ੍ਹਾਂ ਲਜ਼ੀਜ਼ ਪਕਵਾਨਾਂ ਦਾ ਲੁਤਫ਼ ਉਠਾ ਰਹੇ ਸਨ...

ਮੈਨੂੰ ਤੋਹਫ਼ੇ ਤੇ ਵਧਾਈਆਂ ਦੇਣ ਵਾਲਿਆਂ ਦਾ ਤਾਂ ਅੰਤ ਹੀ ਨਹੀਂ ਸੀ...ਬੇਹਿਸਾਬ ਤੋਹਫ਼ੇ ਮਿਲੇ ਸਨ ਮੈਨੂੰ... ਪਰ ਮੇਰੀ ਇਹਨਾਂ ਸਭ 'ਚ ਕੋਈ ਦਿਲਚਸਪੀ ਨਹੀਂ ਸੀ... ਮੈਨੂੰ ਤਾਂ ਬੱਸ ਇੰਤਜ਼ਾਰ ਸੀ ਆਪਣੇ ਅਜ਼ੀਮ ਦੋਸਤ ਵਜ਼ਮ ਦਾ..... ਮੈਂ ਬਾਹਰ ਪਾਰਕ ਵਿੱਚ ਖੜ੍ਹ ਕੇ ਉਸ ਦਾ ਇੰਤਜ਼ਾਰ ਕਰਨ ਲੱਗੀ....

ਵਜ਼ਮ ਆਇਆ ਤੇ ਗਿਆ...

ਦੋ ਪਲ ਲਈ ਵੀ ਨਹੀਂ ਰੁਕਿਆ ਸੀ ਉਹ ਤਾਂ....

ਉਸਨੇ ਮੈਨੂੰ ਖੜੀ ਨੂੰ ਵੇਖ ਜ਼ਰੂਰ ਲਿਆ ਸੀ, ਪਰ ਤਾਂ ਵੀ ਅੱਗੇ ਨਹੀਂ ਸੀ ਆਇਆ ਗੇਟ ਤੋਂ ...ਤੇ ਨਾ ਹੀ ਮੇਰੇ ਕੋਲ ਆ ਕੇ ਮੈਨੂੰ ਵਧਾਈਆਂ ਦੇਣਾ ਓਹਨੇ ਵਾਜ਼ਿਬ ਸਮਝਿਆ....

ਬੱਸ ਵੇਖ ਗਿਆ ਸੀ ਮੈਨੂੰ... ਤੇ ਮੇਰੇ ਨੌਕਰ ਦੇ ਹੱਥ ਇੱਕ ਤੋਹਫ਼ਾ ਭਿਜਵਾ ਦਿੱਤਾ ਸੀ ਮੇਰੇ ਲਈ.... ਇਹ ਉਹੀਓ ਸੀ ਮਿੱਟੀ ਦਾ ਖਿਡੌਣਾ.... ਜਿਸਨੂੰ ਮੈਂ ਚਾਹੁੰਦੇ ਹੋਏ ਵੀ ਖਰੀਦ ਨਹੀਂ ਸੀ ਸਕੀ... ਇਹ ਤੋਹਫ਼ਾ ਮੇਰੇ ਲਈ ਬੇਸ਼ਕੀਮਤੀ ਸੀ....ਤੇ ਅੱਜ ਵੀ ਏ....

ਇੱਕ ਤਾਂ ਇਸ ਲਈ ਕਿ ਇਹ ਖਿਡੌਣਾ ਮੇਰੀ ਪਸੰਦ ਦਾ ਸੀ, ਮੈਨੂੰ ਬੜਾ ਪਿਆਰਾ ਲੱਗਦਾ ਸੀ ਤੇ ਦੂਜਾ ਇਹ ਕਿ ਇਹ ਮੇਰੇ ਹੀ ਕਿਸੇ ਪਿਆਰੇ ਵੱਲੋਂ ਮੈਨੂੰ ਦਿੱਤਾ ਗਿਆ ਸੀ....

ਉਹ ਸੱਚਮੁੱਚ ਹੀ ਮੇਰੀ ਰੂਹ ਦਾ ਵਾਕਫ਼ ਸੀ, ਜੋ ਇਹ ਜਾਣ ਗਿਆ ਸੀ ਕਿ ਮੈਨੂੰ ਕਿਹੋ ਜਿਹੇ ਤੋਹਫ਼ਿਆਂ ਦੀ ਲੋੜ ਏ...ਮੇਰੀ ਪਸੰਦ, ਨਾਪਸੰਦ ਸਭ ਜਾਣਦਾ ਸੀ ਉਹ....

ਸਮਾਂ ਬੀਤਦਾ ਗਿਆ ਤੇ ਦੋਸਤੀ ਨੇ ਆਖ਼ਰ ਪਿਆਰ ਦਾ ਰੂਪ ਅਖ਼ਤਿਆਰ ਕਰ ਲਿਆ... ਵਜ਼ਮ ਨੂੰ ਲਿਖਣ ਦਾ ਬੜਾ ਹੀ ਸ਼ੌਂਕ ਸੀ...ਉਹ ਅਕਸਰ ਕਵਿਤਾਵਾਂ ਲਿਖਦਾ ਰਹਿੰਦਾ ਤੇ ਕਦੀ-ਕਦਾਈਂ ਮੈਨੂੰ ਵੀ ਸੁਣਾ ਦਿਆ ਕਰਦਾ.....

ਇਹਨਾਂ ਕੋਰੇ ਸਫ਼ਿਆਂ 'ਤੇ

ਲਿਖੇ ਨੇ ਅੱਜ ਮੈਂ ਜੋ ਅਲਫਾਜ਼

ਇਹ ਭੇਤ ਭਰੇ ਨੇ ਮੇਰੇ ਲਈ

ਇਹਨਾਂ ਵੱਖਰਾ ਏ ਕੋਈ ਰਾਜ਼

ਇਹ ਹੋ ਕੁਦਰਤ ਦੇ ਅਧੀਨ ਗਏ

ਜਿਵੇਂ ਵਾਦੀਆਂ ਫੁੱਲਾਂ ਨਾਲ ਲਬਰੇਜ਼

ਇਹ ਅੱਖਰ ਉਹ ਫੁੱਲ ਹਨ

ਜਿਹਨਾਂ ਸਫ਼ਾ ਬਣਾ ਲਈ ਸੇਜ਼

ਇਹ ਅੱਖਰ ਨੇ ਬੜੇ ਤੇਜ਼

ਇਹਨਾਂ ਪੱਥਰ ਦਿੱਤੇ ਚੀਰ

ਇਹ ਅੱਖਰ ਕਿਸੇ ਦੇ ਜਜ਼ਬਾਤ ਨੇ

ਜੋ ਵਹਾ ਰਹੇ ਨੇ ਨੀਰ

ਇਹਨਾਂ ਪੱਤੇ ਸ਼ਾਮਲ ਕੀਤੇ

ਇਹਨਾਂ ਪੰਛੀ ਕੀਤੇ ਸ਼ਾਮਲ

ਇਹਨਾਂ ਆਕਾਸ਼-ਪਾਤਾਲ ਇੱਕ ਕੀਤਾ

ਇਹਨਾਂ ਸੱਤ ਰੰਗ ਕੀਤੇ ਸ਼ਾਮਲ

ਕਦੇ ਕਿਸੇ ਦੇ ਜਜ਼ਬਾਤ ਬਣੇ

ਕਦੇ ਬਣੇ ਕਿਸੇ ਦੀ ਚਾਹਤ

ਕਦੇ ਧੁਰ ਅੰਦਰ ਪਏ ਸਾੜਦੇ

ਕਦੇ ਬਣਨ ਕਿਸੇ ਦੀ ਰਾਹਤ

ਇਹਨਾਂ ਕੋਰੇ ਸਫ਼ਿਆਂ 'ਤੇ

ਲਿਖੇ ਨੇ ਅੱਜ ਮੈਂ ਜੋ ਅਲਫਾਜ਼

ਇਹ ਭੇਤ ਭਰੇ ਨੇ ਮੇਰੇ ਲਈ

ਇਹਨਾਂ ਵੱਖਰਾ ਏ ਕੋਈ ਰਾਜ਼

ਇਹ ਉਸਦੀ ਪਹਿਲੀ ਲਿਖੀ ਹੋਈ ਕਵਿਤਾ ਸੀ, ਜੋ ਉਸਨੇ ਸਭ ਤੋਂ ਪਹਿਲਾਂ ਮੈਨੂੰ ਸੁਣਾਈ ਸੀ ਤੇ ਫੇਰ ਸਕੂਲ ਦੇ ਕਵਿਤਾ-ਸਮਾਰੋਹ ਵਿੱਚ....

ਉਸਦੀ ਕਵਿਤਾ ਸਾਹਮਣੇ ਬੈਠੇ ਸਾਰੇ ਹੀ ਸਰੋਤਿਆਂ ਨੂੰ ਬੇਹੱਦ ਪਸੰਦ ਆਈ ਸੀ ਤੇ ਵਜ਼ਮ ਨੂੰ ਆਪਣੀ ਕਵਿਤਾ ਲਈ ਕਵਿਤਾ-ਸਮਾਰੋਹ ਵਿੱਚ ਤੀਜਾ ਪੁਰਸਕਾਰ ਮਿਲਿਆ ਸੀ....ਉਹ ਉਸ ਨਾਲ ਵੀ ਖੁਸ਼ ਸੀ.....

ਜਦ ਮੇਰੀ ਸਕੂਲ ਦੀ ਪੜ੍ਹਾਈ ਮੁਕੰਮਲ ਹੋ ਗਈ ਤਾਂ ਅੱਬਾ ਜਾਨ ਨੇ ਮੈਨੂੰ ਪੜ੍ਹਨ ਲਈ ਸ਼ਹਿਰ ਭੇਜ ਦਿੱਤਾ, ਪਰ ਵਜ਼ਮ ਪੜ੍ਹਨ ਲਈ ਸ਼ਹਿਰ ਨਹੀਂ ਸੀ ਆ ਸਕਿਆ.... ਉਸ ਕੋਲ ਆਪਣੀ ਪੜ੍ਹਾਈ ਜਾਰੀ ਰੱਖਣ ਲਈ ਮੁਕੰਮਲ ਵਸੀਲੇ ਜੋ ਨਹੀਂ ਸਨ....

' ਦੂਰ ਰਹਿਣ ਨਾਲ ਪਿਆਰ ਘੱਟਦਾ ਨਹੀਂ, ਸਗੋਂ ਵੱਧਦਾ ਹੀ ਹੈ....'

ਇਹੀ ਹੋਇਆ ਸੀ ਸਾਡੇ ਦੋਹਾਂ ਨਾਲ....

ਵਜ਼ਮ ਮੈਨੂੰ ਮਿਲਣ ਤਾਂ ਨਹੀਂ ਆ ਸਕਦਾ ਸੀ, ਪਰ ਖ਼ਤ ਜ਼ਰੂਰ ਲਿਖਦਾ ਰਹਿੰਦਾ ਸੀ, ਜਿਸ ਵਿੱਚ ਅੱਧੋ ਵੱਧ ਸ਼ਾਇਰੀ ਨੇ ਹੀ ਥਾਂ ਮੱਲੀ ਹੁੰਦੀ ਸੀ....ਮੈਨੂੰ ਉਸਦਾ ਖ਼ਤ ਭੇਜਣਾ ਵੀ ਚੰਗਾ ਲੱਗਦਾ ਤੇ ਪੜ੍ਹਨਾ ਵੀ....

ਮੈਂ ਕੁੱਝ ਕਿਤਾਬਾਂ ਖ਼ਰੀਦ ਲਿਆ ਕਰਦੀ ਸੀ ਤੇ ਜਦ ਉਸਦੇ ਭੇਜੇ ਖ਼ਤ ਦੇ ਜਵਾਬ ਵਿੱਚ ਕੋਈ ਖ਼ਤ ਲਿਖ ਕੇ ਭੇਜਦੀ ਤਾਂ ਇਹ ਕਿਤਾਬਾਂ ਵੀ ਨਾਲ ਹੀ ਭੇਜ ਦਿੰਦੀ, ਜਿਹਨਾਂ ਵਿੱਚੋਂ ਬਹੁਤੀਆਂ ਤਾਂ ਪੜ੍ਹਾਈ ਨਾਲ ਹੀ ਸੰਬੰਧਿਤ ਹੁੰਦੀਆਂ ਸਨ ਤੇ ਕੁੱਝ ਕੁ ਕਿਤਾਬਾਂ ਕਵਿਤਾਵਾਂ ਦੀਆਂ ਵੀ ਹੁੰਦੀਆਂ ਸਨ....

ਜਿਸ ਤਰ੍ਹਾਂ ਮੁਸ਼ਕ ਤੇ ਮਰਜ਼ ਲੁਕਾਏ ਨਹੀਂ ਲੁੱਕਦੇ, ਇਸ਼ਕ ਵੀ ਨਹੀਂ ਲੁਕਿਆ ਕਰਦਾ....

ਇੱਕ ਵੇਰਾਂ ਸਲੀਮ ਮੈਨੂੰ ਮਿਲਣ ਲਈ ਸ਼ਹਿਰ ਆਇਆ ਤੇ ਉਸਨੇ ਮੇਰੇ ਕਮਰੇ ਦੇ ਮੇਜ਼ 'ਤੇ ਪਏ ਉਹ ਸਾਰੇ ਖ਼ਤ ਪੜ੍ਹ ਲਏ, ਜੋ ਅਸਲ ਵਿੱਚ ਵਜ਼ਮ ਦੇ ਦਿੱਤੇ ਹੋਏ ਸਨ...

ਫਿਰ ਉਸਨੂੰ ਮੇਰੇ ਡ੍ਰਾਈਵਰ ਤੋਂ ਮੇਰੇ ਵੱਲੋਂ ਵਜ਼ਮ ਨੂੰ ਭੇਜੇ ਜਾਣ ਵਾਲੇ ਖ਼ਤਾਂ ਤੇ ਕਿਤਾਬਾਂ ਬਾਰੇ ਵੀ ਪਤਾ ਲੱਗ ਗਿਆ ਸੀ... ਪਰ ਸਲੀਮ ਲਈ ਇਹ ਸਬੂਤ ਹੀ

ਕਾਫ਼ੀ ਨਹੀਂ ਸਨ.....ਉਹ ਮੈਨੂੰ ਰੰਗੇ ਹੱਥ ਫੜ੍ਹਨਾ ਚਾਹੁੰਦਾ ਸੀ... ਮੈਨੂੰ ਹੀ ਨਹੀਂ, ਸਗੋਂ ਸਾਨੂੰ ਦੋਹਾਂ ਨੂੰ...

ਇਸ ਲਈ ਉਸਨੇ ਵਜ਼ਮ ਦੇ ਨਾਂ ਤੋਂ ਇੱਕ ਝੂਠਾ ਖ਼ਤ ਮੇਰੇ ਕੋਲ ਭਿਜਵਾ ਦਿੱਤਾ ਕਿ ਵਜ਼ਮ ਮੈਨੂੰ ਮਿਲਣਾ ਚਾਹੁੰਦਾ ਏ...ਉਹ ਵੀ ਪਿੰਡ ਵਾਲੇ ਸਕੂਲ ਦੇ ਨੇੜ੍ਹੇ.....

ਇੱਕ ਪਾਸੇ ਤਾਂ ਉਸਨੇ ਮੈਨੂੰ ਝੂਠਾ ਖ਼ਤ ਭੇਜਿਆ ਸੀ ਤੇ ਦੂਜੇ ਪਾਸੇ ਵਜ਼ਮ ਨੂੰ ਵੀ ਇੱਕ ਝੂਠਾ ਖ਼ਤ ਭਿਜਵਾ ਦਿੱਤਾ ਕਿ ਮੈਂ ਉਸਨੂੰ ਸਕੂਲ ਦੇ ਨੇੜ੍ਹੇ ਮਿਲਣਾ ਚਾਹੁੰਦੀ ਹਾਂ....

ਆਪਣੀ ਬਣਾਈ ਤਰਤੀਬ ਅਨੁਸਾਰ ਸਲੀਮ ਨੇ ਮੇਰੇ ਅੱਬਾ ਜਾਨ ਤੇ ਆਪਣੇ ਅੱਬਾ ਜਾਨ ਬਸ਼ੀਰ ਨੂੰ ਵੀ ਉੱਥੇ ਸੱਦ ਲਿਆ ਸੀ ਤਾਂ ਜੋ ਉਹ ਵੀ ਆਪਣੀ ਅੱਖੀਂ ਸਾਰਾ ਹਾਲ ਵੇਖ ਸਕਣ....

ਮੇਰੇ ਤੇ ਵਜ਼ਮ ਦੇ ਇੱਕ-ਦੂਜੇ ਨੂੰ ਲਿਖੇ ਹੋਏ ਖ਼ਤ ਉਹ ਵਿਖਾ ਨਹੀਂ ਸੀ ਸਕਦਾ, ਕਿਉਂਕਿ ਪੜ੍ਹਨ ਵੇਲ਼ੇ ਉਹ ਖ਼ਤ, ਕੋਈ ਖ਼ਤ ਨਹੀਂ, ਸਗੋਂ ਸ਼ਾਇਰੋ-ਸ਼ਾਇਰੀ ਦੀ ਕਿਤਾਬ ਲੱਗਦੇ ਸਨ... ਨਾਲ਼ੇ ਨਾ ਤਾਂ ਮੈਂ ਤੇ ਨਾ ਹੀ ਵਜ਼ਮ ਆਪਣਾ ਨਾਂ ਉਸ ਖ਼ਤ 'ਤੇ ਲਿਖਦੇ ਸਾਂ....

ਪਰ ਇਹ ਮੁਲਾਕਾਤ ਮੇਰੀ ਤੇ ਵਜ਼ਮ ਦੀ ਆਖ਼ਿਰੀ ਮੁਲਾਕਾਤ ਸੀ, ਕਿਉਂਕਿ ਜਦ ਸਲੀਮ ਦੇ ਦਬਾਅ ਦੇਣ 'ਤੇ ਅੱਬਾ ਜਾਨ ਨੇ ਮੈਨੂੰ ਪੁੱਛਿਆ ਕਿ ਇਹ ਕੌਣ ਏ ਤੇ ਮੇਰਾ ਕੀ ਲੱਗਦਾ ਏ, ਤਾਂ ਮੈਂ ਅੱਗੋਂ ਕਹਿ ਦਿੱਤਾ ਸੀ....

....."ਨਾਵਾਕਫ਼"........

ਉਸਨੇ ਮੇਰੇ ਨਾਲ ਕਦੇ ਕੋਈ ਮਾੜੀ ਨਹੀਂ ਸੀ ਕੀਤੀ....

ਫੇਰ ਅੱਜ......

ਕਿਉਂ ਮੈਂ ਮਾੜੀ ਬਣ ਗਈ ......?

ਕਿਉਂ ਜਾਣ ਕੇ ਵੀ ਮੈਂ ਓਹਨੂੰ ਅਨਜਾਣ ਬਣ ਗਈ....?

ਆਖ਼ਰ ਕਿਸ ਗੁਨਾਹ ਦੀ ਸਜ਼ਾ ਦਿੱਤੀ ਸੀ ਮੈਂ ਉਸਨੂੰ....?

ਜੋ ਆਪਣੀ 'ਰੂਹ ਦੇ ਵਾਕਫ਼' ਨੂੰ ਹੀ ਬਣਾ ਦਿੱਤਾ ਸੀ ਆਪਣਾ 'ਨਾਵਾਕਫ਼'......!

www.PunjabiLibrary.com

## .....ਬਦਨਸੀਬ ਸਾਂ ਮੈਂ.....

ਮੇਰੀ ਉਮਰ ਕੋਈ ੧੦-੧੨ ਵਰ੍ਹਿਆਂ ਦੀ ਰਹੀ ਹੋਊਗੀ.....ਜਦ ਮੇਰੇ ਅੰਮੀ-ਅੱਬੂ ਮੈਨੂੰ ਛੱਡ ਗਏ... ਸ਼ਾਇਦ ਮੇਰੀ ਬਦਨਸੀਬੀ ਮੇਰੇ ਯਤੀਮ ਹੋਣ ਤੋਂ ਹੀ ਸ਼ੁਰੂ ਹੋਈ ਹੋਊ....ਪਰ ਮੇਰੀ ਬਦਨਸੀਬੀ ਦਾ ਖ਼ਮਿਆਜ਼ਾ ਹਰ ਉਸ ਸ਼ਖ਼ਸ ਨੂੰ ਭੁਗਤਣਾ ਪਿਆ, ਜੋ ਮੇਰੇ ਨਾਲ ਜੁੜਦਾ ਚਲਿਆ ਗਿਆ....

ਫੇਰ ਚਾਹੇ ਉਹ 'ਰਿਜ਼ਵਾਨਾ' ਸੀ, 'ਸਾਦਿਆ' ਸੀ, ਜਾਂ ਫੇਰ ਮੇਰਾ ਚਾਚਾ 'ਅਸਦ' ਸੀ....ਚਾਚਾ ਅਸਦ ਮੇਰੀ ਮਾਂ ਵੀ ਸੀ ਤੇ ਪਿਓ ਵੀ....ਕਿਉਂਕਿ ਆਪਣੇ ਮਾਂ-ਬਾਪ ਦੇ ਮਰਨ ਪਿੱਛੋਂ ਸਿਰਫ਼ ਓਹੀਓ ਸੀ ਜਿਹਨੇ ਮੈਨੂੰ ਕਦੇ ਮੇਰੇ ਮਾਂ-ਬਾਪ ਦੀ ਕਮੀ ਮਹਿਸੂਸ ਨਹੀਂ ਸੀ ਹੋਣ ਦਿੱਤੀ....

ਉਹ ਮੇਰਾ ਬਹੁਤ ਖ਼ਿਆਲ ਰੱਖਿਆ ਕਰਦਾ ਸੀ....ਮੈਨੂੰ ਹਰ ਮੁਸੀਬਤ ਤੋਂ ਮਹਿਫ਼ੂਜ਼ ਰੱਖਣਾ ਚਾਹੁੰਦਾ ਸੀ ਉਹ.... ਇਸੇ ਲਈ ਜਦ ਗੌਹਰ ਚਾਚੇ ਨੇ ਮੇਰੇ ਖੇਤ 'ਚੋਂ ਅਫੀਮ ਨਾਲ ਭਰੇ ਘੜੇ ਦੀ ਸੂਹ ਥਾਣੇਦਾਰ ਨੂੰ ਜਾ ਦਿੱਤੀ ਤੇ ਮੈਨੂੰ ਨਸ਼ੇ ਦੇ ਕੇਸ ਵਿੱਚ ਫਸਾਉਣ ਦੀ ਕੋਸ਼ਿਸ਼ ਕੀਤੀ ਤਾਂ ਮੇਰੇ ਚਾਚੇ ਅਸਦ ਨੇ ਸਾਰਾ ਦੋਸ਼ ਆਪਣੇ ਸਿਰ ਪਾ ਲਿਆ...

" ਏਹ ਤਾਂ ਜੀ... ਏਹ ਉੱਥੇ ਹੈਈਓ ਨ੍ਹੀ ਸੀ...ਏਹਨੂੰ ਕੁੱਝ ਨਾ ਪੁੱਛੋ.... ਏਹਨੂੰ ਕੁੱਝ ਨਹੀਂ ਪਤਾ.... ਜੇ ਕੁੱਝ ਪੁੱਛਣਾ ਤਾਂ ਮੈਂਥੋਂ ਪੁੱਛ ਲਓ.... ਮੈਂ ਦੱਸਦਾ ਤੁਹਾਨੂੰ......"

ਫੇਰ ਥਾਣੇਦਾਰ ਮੇਰੇ ਚਾਚੇ ਨੂੰ ਥਾਣੇ ਲੈ ਗਿਆ ਤੇ ਮਗਰੋਂ ਉਸਦੀ ਪੁੱਛ-ਗਿੱਛ ਮੁੱਕੀਓ ਨ੍ਹੀ....

'ਗੌਹਰ' ਉਂਝ ਤਾਂ ਮੇਰੇ ਅੱਬੂ ਦੀ ਭੂਆ ਦਾ ਗੋਦ ਲਿਆ ਮੁੰਡਾ ਸੀ, ਕਿਉਂਕਿ ਭੂਆ ਦੇ ਕੋਈ ਔਲਾਦ ਨਹੀਂ ਸੀ ਹੋਈ, ਤਾਂ ਇਸ ਕਰਕੇ ਰਿਸ਼ਤੇ ਦੇ ਲਿਹਾਜ਼ ਤੋਂ ਗੌਹਰ ਮੇਰਾ ਚਾਚਾ ਲੱਗਦਾ ਸੀ.....ਮੈਂ ਉਸਨੂੰ ਚਾਚਾ ਆਖ ਕੇ ਬੁਲਾ ਤਾਂ ਲੈਂਦਾ ਸੀ, ਪਰ ਉਸਨੂੰ ਚਾਚਾ ਕਹਿਣ ਨੂੰ ਮੇਰਾ ਜੀਅ ਨਹੀਂ ਸੀ ਕਰਦਾ...

' ਆਪਣਾ ਖ਼ੂਨ ਤਾਂ ਆਖ਼ਰ ਆਪਣਾ ਹੀ ਹੁੰਦੇ....'

ਇਹ ਗੱਲ ਤਾਂ ਜਿਵੇਂ ਉਸ ਲਈ ਹੀ ਬਣਾਈ ਗਈ ਸੀ...ਜਦ ਮੇਰੇ ਮਾਂ-ਪਿਓ ਮਰੇ ਤਾਂ ਇਸਦਾ ਇਹ ਪਹਿਲਾ ਫ਼ਰਜ਼ ਬਣਦਾ ਸੀ ਕਿ ਹੁਣ ਅੱਗੇ ਤੋਂ ਮੇਰਾ ਖ਼ਿਆਲ ਇਹ ਆਪ ਰੱਖਿਆ ਕਰੇ, ਮੇਰਾ ਚਾਚਾ ਜੋ ਲੱਗਦਾ ਸੀ....

ਜਦ ਘਰ ਦੀ ਵਸੀਅਤ ਤਿਆਰ ਹੋਈ ਸੀ ਤਾਂ ਘਰ ਤੇ ਜ਼ਮੀਨ -ਜਾਇਦਾਦ ਦੇ ਦੋ ਹਿੱਸੇ ਹੋਣ ਦੀ ਗੱਲ ਹੋਈ ਸੀ... ਇੱਕ ਹਿੱਸਾ ਚਾਚਾ ਅਸਦ ਦਾ ਸੀ ਤੇ ਇੱਕ ਮੇਰੇ ਅੱਬੂ ਦਾ, ਜੋ ਉਹਨਾਂ ਦੇ ਨਾ ਰਹਿਣ ਕਰਕੇ ਹੁਣ ਮੇਰੇ ਨਾਂ ਹੋਣਾ ਸੀ, ਪਰ ਮੇਰੇ ਚਾਚੇ ਗੌਹਰ ਨੂੰ ਇਹ ਗੱਲ ਜਾਂ ਕਹਿ ਲਓ ਇਹ ਵੰਡ ਪਸੰਦ ਨਹੀਂ ਸੀ ਆਈ ਤੇ ਸਾਡੇ ਘਰ ਆ ਧਮਕਿਆ ਸੀ ਉਹ ਆਪਣਾ ਹਿੱਸਾ ਲੈਣ ਲਈ...

ਮੈਨੂੰ ਤਾਂ ਕੋਈ ਸਮਝ ਨਹੀਂ ਸੀ, ਤਾਂ ਮੈਂ ਤਾਂ ਕਹਿਣਾ ਹੀ ਕੀ ਸੀ, ਪਰ ਗੌਹਰ ਚਾਚਾ ਨੇ ਇਹ ਕਹਿ ਕੇ ਮੇਰਾ ਹਿੱਸਾ ਵੀ ਆਪਣੇ ਨਾਂ ਕਰਾ ਲਿਆ ਕਿ ਹੁਣ ਤੋਂ ਮੇਰੀ ਸਾਰੀ ਜ਼ਿੰਮੇਵਾਰੀ ਓਹੀ ਚੁੱਕੇਗਾ....

ਜਿੰਮੇਵਾਰੀ ਤੋਂ ਓਹਦੀ ਮੁਰਾਦ ਮੇਰੇ ਹਿੱਸੇ ਦੀ ਜ਼ਮੀਨ-ਜਾਇਦਾਦ ਸਾਂਭਣ ਤੋਂ ਸੀ, ਪਰ ਮੇਰੀ ਜਿੰਮੇਵਾਰੀ ਨਾ ਓਹਨੇ ਕਦੇ ਚੱਕੀ ਸੀ ਤੇ ਨਾ ਹੀ ਅੱਗੋਂ ਕਦੇ ਚੁੱਕਣਾ ਚਾਹੁੰਦਾ ਸੀ....

" ਲੈ....ਏਹ ਕਿਹੜਾ ਕੋਈ ਕਹਿਣ ਦੀ ਗੱਲ ਏ...ਇਰਫ਼ਾਨ ਮੇਰਾ ਆਪਣਾ ਏ...ਫੇਰ ਕੀ ਹੋਇਆ ਜੇ ਮੈਂ ਏਹਦਾ ਚਾਚਾ ਆਂ....ਮੈਂ ਏਹਨੂੰ ਪੁੱਤਾਂ ਦੀ ਤਰ੍ਹਾਂ ਪਾਲਾਗਾਂ....."

ਜਦ ਅਸਦ ਚਾਚਾ ਨੇ ਗੌਹਰ ਚਾਚਾ ਨੂੰ ਪੁੱਛਿਆ ਸੀ ਕਿ ਮੇਰੀ ਜਿੰਮੇਵਾਰੀ ਉਹ ਚੁੱਕ ਵੀ ਸਕੇਗਾ ਜਾਂ ਨਹੀਂ ਤਾਂ ਉਸ ਵੇਲੇ ਤਾਂ ਉਸ ਨੇ ਚਾਰ ਮਿੱਠੀਆਂ-ਮਿੱਠੀਆਂ ਜਿਹੀਆਂ ਮਾਰ ਦਿੱਤੀਆਂ ਸਨ, ਪਰ ਗੌਹਰ ਚਾਚੇ ਦੀਆਂ ਗੱਲਾਂ ਬੱਸ ਗੱਲਾਂ ਹੀ ਰਹਿ ਗਈਆਂ...

ਇੱਕ ਦਿਨ ਉਸਨੇ ਆਪ ਹੀ ਖੇਤ ਵਿੱਚ ਅਫੀਮ ਦਾ ਘੜਾ ਦੱਬ ਕੇ ਦੋਸ਼ ਮੇਰੇ ਸਿਰ ਮੜ੍ਹ ਦਿੱਤਾ ਕਿ ਮੁੰਡਾ ਨਸ਼ਾ ਵੇਚਦਾ ਏ.....

ਉਸਦੀ ਮੰਸ਼ਾ ਤਾਂ ਅਸਲ ਵਿੱਚ ਇਹ ਸੀ ਕਿ ਮੈਂ ਨਸ਼ੇ ਦੇ ਕੇਸ ਵਿੱਚ ਅੰਦਰ ਚਲਿਆ ਜਾਵਾਂ ਤੇ ਪਿੱਛੋਂ ਉਹ ਮੇਰੀ ਜ਼ਮੀਨ-ਜਾਇਦਾਦ ਸਭ ਦਾ ਕੱਲਾ-ਕਹਿਰਾ ਮਾਲਕ ਬਣ ਜਾਵੇ ਤੇ ਉਸਦੇ ਸਿਰੋਂ ਮੇਰੀ ਜਿੰਮੇਵਾਰੀ ਦਾ ਬੋਝ ਵੀ ਉਤਰ ਜਾਵੇ...

ਪਰ ਇਸ ਕੇਸ ਵਿੱਚ ਵਿਚਾਰਾ ਮੇਰਾ ਅਸਦ ਚਾਚਾ ਫੱਸ ਗਿਆ... ਉਹ ਠਾਣੇ ਕੀ ਗਿਆ, ਮੇਰੇ ਲਈ ਤਾਂ '੪ ਦਿਨ ਦੀ ਚਾਂਦਨੀ ਫੇਰ ਹਨ੍ਹੇਰੀ ਰਾਤ' ਵਾਲੀ ਗੱਲ ਹੋ ਗਈ....

ਨਾਲੇ ਤਾਂ ਗੌਹਰ ਚਾਚਾ ਮੇਰਾ ਘਰ, ਮੇਰੇ ਖੇਤ ਤੇ ਮੇਰੀ ਜ਼ਮੀਨ-ਜਾਇਦਾਦ ਵਰਤਦਾ ਰਿਹਾ, ਨਾਲੇ ਮੈਨੂੰ.... ਇੱਕ ਮੁਫ਼ਤ ਦੇ ਨੌਕਰ ਤੋਂ ਵੱਧ ਕੁੱਝ ਨਹੀਂ ਸਾਂ ਮੈਂ ਉਹਦੇ ਲਈ....

ਓਹਦੀ ਚਾਕਰੀ ਕਰਨੀ ਮੈਨੂੰ ਚੰਗੀ ਨਹੀਂ ਸੀ ਲੱਗਦੀ, ਪਰ ਮੇਰੀ ਮਜ਼ਬੂਰੀ ਸੀ...ਕਿਉਂਕਿ ਬੰਦੇ ਨੂੰ ਜੇ ਹੋਰ ਨਹੀਂ, ਤਾਂ ਆਪਣੀਆਂ ਮੁਢਲੀਆਂ ਲੋੜ੍ਹਾਂ

'ਰੋਟੀ, ਕੱਪੜਾ ਤੇ ਮਕਾਨ' ਤਾਂ ਘੱਟੋ-ਘੱਟ ਪੂਰੀਆਂ ਕਰਨੀਆਂ ਹੀ ਪੈਂਦੀਆਂ ਨੇ.....

ਅਸਦ ਚਾਚਾ ਤਾਂ ਥਾਣੇ ਵਿੱਚ ਸੀ, ਇਸ ਲਈ ਗੌਹਰ ਚਾਚਾ ਨੇ ਓਹਦੇ ਹਿੱਸੇ ਤੇ ਵੀ ਆਪਣਾ ਹੱਕ ਜਮਾਇਆ ਹੋਇਆ ਸੀ... ਘਰ ਵਿੱਚ ਡੰਗਰ-ਵੱਛੇ ਵੀ ਬੰਨ੍ਹੇ ਹੋਏ ਸਨ ਤੇ ਉੱਤੋਂ ਖੇਤੀ ਦਾ ਕੰਮ ਵੀ ਆਪ ਈ ਕਰਨਾ ਪੈਂਦਾ ਸੀ... ਏਸ ਲਈ ਮੈਂ ਹਮੇਸ਼ਾ ਕੰਮ ਦੇ ਭਾਰ ਥੱਲ੍ਹੇ ਈ ਦੱਬਿਆ ਰਿਹਾ....

ਘਰ ਵਿੱਚ ਹੋਰ ਕਾਮੇ ਵੀ ਸਨ, ਪਰ ਉਹ ਮੇਰੀ ਮਦਦ ਕਰਦੇ ਸਨ ਜਾਂ ਮੈਂ ਓਹਨਾਂ ਦੀ...ਮੈਂ ਆਪ ਨਹੀਂ ਸਾਂ ਜਾਣਦਾ....

ਸਾਡੇ ਘਰ ਸ਼ਾਮੀਂ ਲੋਕ ਦੁੱਧ ਲੈਣ ਲਈ ਆਇਆ ਕਰਦੇ ਸਨ... ਉਹਨਾਂ ਦੁੱਧ ਲੈਣ ਵਾਲੇ ਗਾਹਕਾਂ ਵਿੱਚ ਇੱਕ ਕੁੜੀ ਵੀ ਆਇਆ ਕਰਦੀ ਸੀ.... ਉਹ ਵੀ ਉਸ

ਵਕ਼ਤ ਮੇਰੇ ਹਾਣ ਦੀ ਹੀ ਰਹੀ ਹੋਵੇਗੀ... ਜਿੰਨਾ ਮੇਰਾ ਖ਼ਿਆਲ ਏ, ਤਕਰੀਬਨ ੧੪ ਕੁ ਵਰ੍ਹਿਆਂ ਦੀ....ਜਾਂ ਫਿਰ ਮੈਂ ਉਸ ਤੋਂ ਕੋਈ ਇੱਕ-ਅੱਧ ਸਾਲ ਵੱਡਾ ਹੀ ਹੋਵਾਂਗਾ....

" ਵੇ ਰੁੜ੍ਹ ਜਾਣਿਆ.... ਕਿਵੇਂ ਸੁੰਘ-ਸੁੰਘ ਪਾਈ ਜਾਨੈਂ... ਮਾੜਾ-ਮੋਟਾ ਵੱਧ ਵੀ ਪੈ ਜੂ ਤਾਂ ਕਿਹੜਾ ਤੇਰੀ ਮੱਝ ਰੁੱਸ ਜਾਊਗੀ...." ਪਤਾ ਨਹੀਂ ਉਸ ਕੁੜੀ ਨੇ ਕੋਈ ਤਾਅਨਾ ਮਾਰਿਆ ਸੀ ਜਾਂ ਆਪਣਾ ਫੋਕਾ ਜਿਹਾ ਗੁੱਸਾ ਦਿਖਾਉਣ ਦੀ ਕੋਸ਼ਿਸ਼ ਕਰ ਰਹੀ ਸੀ.... ਪਰ ਜੋ ਵੀ ਸੀ, ਉਸਦੀ ਆਵਾਜ਼ ਇੰਨੀ ਮਿੱਠੀ ਸੀ ਕਿ ਮੇਰੇ ਦਿਲ ਦੇ ਤਾਨ ਛੇੜ ਗਈ... ਮੈਂ ਉਸ ਵੱਲ ਵੇਖਿਆ ਤਾਂ ਅੱਗੋਂ ਕਹਿਣ ਲੱਗੀ," ਵੇ ਹੁਣ ਕੌੜ- ਕੌੜ ਕੀ ਝਾਕੀ ਜਾਨੈ.... ਕਿਤੇ ਖਾ ਈ ਨਾ ਜਾਈਂ ਮੈਨੂੰ.... ਜੇ ਨਹੀਂ ਦੇਣਾ ਤਾਂ ਨਾ ਦੇ ....ਤੇਰੇ ਪਾਈਆ ਵੱਧ ਦੁੱਧ ਨਾਲ ਮੈਂ ਮੋਟੀ ਨਹੀਂ ਹੋ ਚੱਲੀ....."

ਮੈਨੂੰ ਤਾਂ ਉਸਦਾ ਲਹਿਜ਼ਾ ਮਸ਼ਕਰੀ ਭਰਿਆ ਲੱਗਿਆ ਸੀ ਤਾਂ ਮੈਂ ਅੱਗੋਂ ਹੱਸ ਪਿਆ ਸੀ... ਪਰ ਉਹ ਕਿਉਂ ਮੁਸਕਰਾਈ ਸੀ, ਮੈਨੂੰ ਹਲੇ ਤੱਕ ਵੀ ਸਮਝ ਨਹੀਂ ਸੀ ਪਿਆ...

"ਝੱਲੀ ਜਿਹੀ, ਪਹਿਲਾਂ ਤਾਂ ਮੈਨੂੰ ਵੱਢ-ਖਾਣ ਨੂੰ ਪੈ ਰਹੀ ਸੀ....ਹੁਣ ਕੀ ਹੋ ਗਿਆ ਏਹਨੂੰ....." ਮੈਂ ਖ਼ੁਦ ਦੇ ਨਾਲ ਈ ਗੱਲਾਂ ਪਿਆ ਕਰਦਾ ਸਾਂ....

ਅਗਲੇ ਦਿਨ ਉਹ ਸ਼ਾਮੀਂ ਫੇਰ ਆਈ," ਵੇ ਅੜਿਆ, ਲੋਕਾਂ ਦੇ ਭਾਂਡੇ ਈ ਭਰੀ ਜਾਨੈ , ਭੋਰਾ ਦੁੱਧ ਪਾ ਕੇ ਮੇਰੀ ਗੜ੍ਹਵੀ ਵੀ ਭਰ ਦੇ...." ਇਸ ਵਾਰੀ ਲੱਗਦਾ ਸੀ ਜਿਵੇਂ ਉਹ ਮੈਨੂੰ ਕੋਈ ਤਰਲਾ ਕਰ ਰਹੀ ਹੋਵੇ....

ਮੈਂ ਬਾਕੀ ਗਾਹਕਾਂ ਦੇ ਮੂਹਰੇ ਰੱਖੇ ਹੋਏ ਭਾਂਡੇ ਓਵੇਂ ਹੀ ਰਹਿਣ ਦਿੱਤੇ ਤੇ ਪਹਿਲਾਂ ਉਸ ਕੁੜੀ ਦੀ ਗੜ੍ਹਵੀ ਦੁੱਧ ਨਾਲ ਭਰ ਦਿੱਤੀ....

ਅਗਲੇ ਦਿਨ ਦੁੱਧ ਲੈਣ ਲਈ ਉਹ ਜ਼ਰਾ ਦੇਰੀ ਨਾਲ ਆਈ....ਸ਼ਾਮ ਕਾਫ਼ੀ ਹੋ ਗਈ ਸੀ, ਸਾਰੇ ਗਾਹਕ ਦੁੱਧ ਲੈ ਕੇ ਜਾ ਚੁੱਕੇ ਸਨ ਤੇ ਉਹ ਪਤਾ ਨਹੀਂ ਕਿਹੜੇ ਵੇਲੇ ਜਾਗ ਕੇ ਆਈ ਸੀ....ਉਹ ਮੇਰੇ ਵੱਲ ਕਾਹਲ਼ੇ ਕਦਮੀਂ ਆਈ, ਹੱਥ ਵਿੱਚ ਡੋਲੂ ਫੜ੍ਹਿਆ ਹੋਇਆ ਸੀ ਤੇ ਹਾਲੋਂ-ਬੇਹਾਲ ਹੋਈ ਪਈ ਸੀ... ਲੱਗਦਾ ਸੀ ਜਿਵੇਂ ਕਿਸੇ ਟੋਏ-ਟਿੱਬੇ ਵਿੱਚ ਡਿੱਗ ਕੇ ਆਈ ਹੋਵੇ....

"ਵੇ ਅੜਿਆ, ਛੇਤੀ-ਛੇਤੀ ਡੋਲੂ ਭਰ ਦੇ.... ਮੈਂ ਘਰੇ ਵੀ ਜਾਣਾ.... ਸ਼ਾਮ ਤਾਂ ਪਹਿਲਾਂ ਹੀ ਹੋਈ ਪਈ ਏ....ਜੇ ਕਿਤੇ ਹੋਰ ਦੇਰ ਹੋ ਗਈ ਤਾਂ ਕੀ ਪਤਾ ਮੇਰੀ ਮਾਂ

ਸੋਟਾ ਚੁੱਕੀਂ ਇੱਥੇ ਹੀ ਨਾ ਆ ਜਾਵੇ...." ਓਹਨੂੰ ਘਰੇ ਜਾਣ ਦੀ ਕਾਹਲ਼ੀ ਸੀ ਤਾਂ ਮੈਂ ਛੇਤੀ ਨਾਲ ਉਸਦਾ ਡੋਲੂ ਦੁੱਧ ਨਾਲ ਭਰ ਦਿੱਤਾ....

ਅਜੇ ਉਹ ਬੀਹੀ ਤੱਕ ਪਹੁੰਚੀ ਵੀ ਨਹੀਂ ਸੀ ਕਿ ਓਧਰੋਂ ਓਹਦੀ ਮਾਂ ਆ ਬਹੁੜੀ," ਅੱਛਾ, ਤਾਂ ਆਹ ਗੁਣ ਖਿਲਾਏ ਜਾ ਰਹੇ ਨੇ.... ਮੈਂ ਵੀ ਆਖਾਂ ਭਾਈ ਦੇਰ ਕੇਸ ਕਰਕੇ ਹੋ ਗਈ....."

ਓਹਦੀ ਮਾਂ ਨੇ ਪਤਾ ਨਹੀਂ ਕੀ ਸਮਝਿਆ, ਕੀ ਨਹੀਂ.... ਵਿਚਾਰੀ ਕੁੜੀ ਨੂੰ ਗੁੱਤੋਂ ਫੜ੍ਹ ਕੇ ਘਰ ਲੈ ਗਈ.... ਫੇਰ ਦੋ ਕੁ ਦਿਨ ਉਹ ਦੁੱਧ ਲੈਣ ਨਹੀਂ ਆਈ... ਇਹ ਦੋ ਦਿਨ ਮੈਂ ਕਿਵੇਂ ਬਿਤਾਏ, ਬੱਸ ਮੈਂ ਹੀ ਜਾਣਦਾਂ....

ਮੈਨੂੰ ਰਹਿ-ਰਹਿ ਕੇ ਉਸ ਕੁੜੀ ਦੇ ਹੀ ਖ਼ਿਆਲ ਆ ਰਹੇ ਸਨ....ਸ਼ਾਇਦ ਮੈਨੂੰ ਉਸ ਨਾਲ ਕੋਈ ਹਮਦਰਦੀ ਜਿਹੀ ਹੋ ਗਈ ਸੀ, ਕਿਉਂਕਿ ਜਿਸ ਹਾਲ ਵਿੱਚ ਮੈਂ ਉਸਨੂੰ ਦੋ ਦਿਨ ਪਹਿਲਾਂ ਵੇਖਿਆ ਸੀ, ਉਸਦੀ ਉਹ ਹਾਲਤ ਯਾਦ ਕਰਕੇ ਮੈਨੂੰ ਇੰਝ ਲੱਗ ਰਿਹਾ ਸੀ ਜਿਵੇਂ ਆਪਣੀ ਦੇਰੀ ਲਈ ਉਹ ਆਪ ਕਸੂਰਵਾਰ ਨਹੀਂ ਸੀ, ਪਰ ਹਾਲਾਤਾਂ ਨੇ ਉਸਨੂੰ ਉਸਦੀ ਮਾਂ ਦੇ ਸਾਹਮਣੇ ਕਸੂਰਵਾਰ ਬਣਾ ਛੱਡਿਆ ਸੀ....

ਕੀ ਪਤਾ ਕੀ ਹੋਇਆ ਸੀ ਉਸ ਨਾਲ, ਜੋ ਉਹ ਹਾਲੋਂ-ਬੇਹਾਲ ਹੋਈ ਦੇਰ ਸ਼ਾਮ ਦੁੱਧ ਲੈਣ ਆਈ ਸੀ.... ਗੌਹਰ ਚਾਚਾ ਵੀ ਦੋ ਕੁ ਦਿਨਾਂ ਤੋਂ ਬੇਚੈਨ ਜਿਹਾ ਲੱਗ ਰਿਹਾ ਸੀ, ਪਰ ਉਸਦੀ ਬੇਚੈਨੀ ਦੀ ਵਜ੍ਹਾ ਵੀ ਉਹ ਕੁੜੀ ਹੀ ਹੋਵੇਗੀ, ਇਹ ਮੈਂ ਨਹੀਂ ਸੀ ਸੋਚਿਆ....

ਇੱਕ ਦਿਨ ਮੈਨੂੰ ਰਾਹ ਜਾਂਦੇ ਨੂੰ ਓਹੀ ਕੁੜੀ ਮਿਲੀ...ਉਸਨੇ ਮੈਨੂੰ ਦੱਸਿਆ ਕਿ ਉਸਦਾ ਨਾਂ 'ਰਿਜ਼ਵਾਨਾ' ਏ....ਜਦ ਮੈਂ ਉਸਨੂੰ ਦੋ ਦਿਨਾਂ ਤੋਂ ਦੁੱਧ ਲੈਣ ਲਈ ਨਾ ਆਉਣ ਬਾਰੇ ਪੁੱਛਿਆ ਤਾਂ ਅੱਗੋਂ ਉਸਨੇ ਸਾਰੀ ਆਪ-ਬੀਤੀ ਸੁਣਾ ਦਿੱਤੀ...

ਪਰ ਜੋ ਵੀ ਉਸਨੇ ਮੈਨੂੰ ਦੱਸਿਆ, ਮੈਨੂੰ ਉਸ 'ਤੇ ਯਕੀਨ ਹੀ ਨਹੀਂ ਸੀ ਹੋ ਰਿਹਾ... ਗੌਹਰ ਚਾਚਾ ਮੱਕਾਰ, ਧੋਖੇਬਾਜ਼ ਤੇ ਲਾਲਚੀ ਏ, ਇਹ ਤਾਂ ਮੈਂ ਜਾਣਦਾ ਸਾਂ, ਪਰ ਉਸਨੂੰ ਜ਼ਮੀਨ-ਜਾਇਦਾਦ ਤੋਂ ਸਿਵਾ ਇੱਕ ਹੋਰ ਕਿਸਮ ਦਾ ਲਾਲਚ ਵੀ ਸੀ, ਇਹ ਮੈਂ ਨਹੀਂ ਸਾਂ ਜਾਣਦਾ....

ਰਿਜ਼ਵਾਨਾ ਨੇ ਮੈਨੂੰ ਦੱਸਿਆ ਕਿ ਗੌਹਰ ਚਾਚੇ ਦੀ ਉਸ ਨਾਲ ਕੀਤੀ ਬਦਸਲੂਕੀ ਕਾਰਨ ਜਦ ਉਹ ਡਰ ਕੇ ਉਥੋਂ ਭੱਜ ਰਹੀ ਸੀ ਤਾਂ ਮੂੱਧੇ ਮੂੰਹ ਹੀ ਰਾਹ ਦੇ ਇੱਕ

ਟੋਏ 'ਚ ਡਿੱਗ ਪਈ.... ਹੁਣ ਮੈਨੂੰ ਉਸਦੇ ਹਾਲੋਂ-ਬੇਹਾਲ ਹੋਣ ਦੀ ਸਮਝ ਪੈ ਗਈ ਸੀ....

ਮੈਂ ਚੁੱਪ ਸਾਂ, ਤਾਂ ਪਰੇਸ਼ਾਨ ਸਾਂ.... ਪਰ ਜਦ ਬੋਲਿਆ, ਮੇਰੇ ਹਾਲਾਤਾਂ ਨੇ ਵੀ ਹਾਲ-ਦੁਹਾਈ ਮਚਾ ਦਿੱਤੀ.... ਪਹਿਲਾਂ ਮੇਰੀ ਚੁੱਪੀ ਨੇ ਮੇਰੇ ਹਾਲਾਤਾਂ ਨੂੰ ਬੁਰਾ ਬਣਾਇਆ..... ਮੈਂ ਚੁੱਪ ਰਿਹਾ ਤਾਂ ਹੀ ਤਾਂ ਅਸਦ ਚਾਚਾ ਥਾਣੇ ਗਿਆ ਤੇ ਜ਼ਮੀਨ-ਜਾਇਦਾਦ ਦਾ ਮਾਲਕ ਹੁੰਦੇ ਹੋਏ ਵੀ ਜੇਲ੍ਹ ਦੀ ਚੱਕੀ ਪੀਸਣ ਲਈ ਮਜ਼ਬੂਰ ਹੋ ਗਿਆ....

ਮੈਂ ਚੁੱਪ ਰਿਹਾ ਤਾਂ ਹੀ ਤਾਂ ਗੌਹਰ ਚਾਚਾ ਚੁੱਪ-ਚੁਪੀਤੇ ਮੇਰੀ ਜ਼ਮੀਨ-ਜਾਇਦਾਦ ਤੇ ਮੇਰਾ ਘਰ ਹੜੱਪਣ ਵਿੱਚ ਕਾਮਯਾਬ ਹੋ ਸਕਿਆ.... ਤੇ ਮੈਂ ਮਾਲਕ ਹੁੰਦੇ ਹੋਏ ਵੀ ਉਸਦੀ ਚਾਕਰੀ ਕਰਦਾ ਰਿਹਾ....

ਤੇ ਸ਼ਾਇਦ ਇਹ ਵੀ ਮੇਰੀ ਚੁੱਪੀ ਦਾ ਹੀ ਨਤੀਜਾ ਸੀ ਕਿ ਰਿਜ਼ਵਾਨਾ ਦੀ ਮਾਂ ਨੇ ਉਸਨੂੰ ਗ਼ਲਤ ਸਮਝਿਆ...

ਪਰ ਜਦ ਮੈਂ ਬੋਲਿਆ, ਤਾਂ ਵੀ ਮੇਰੀ ਬਦਨਸੀਬੀ ਨੇ ਮੇਰਾ ਪੱਲਾ ਨਹੀਂ ਛੱਡਿਆ, ਮੈਂ ਬਦਕਿਸਮਤ ਦਾ ਬਦਕਿਸਮਤ ਹੀ ਰਿਹਾ... ਮੈਂ ਜਿੰਨੀ ਵੀ ਕੋਸ਼ਿਸ਼ ਕੀਤੀ

ਆਪਣੀ ਬਦਨਸੀਬੀ ਤੋਂ ਭੱਜਣ ਦੀ, ਬਦਨਸੀਬੀ ਨੇ ਕਦੇ ਮੇਰਾ ਸਾਥ ਨਹੀਂ ਛੱਡਿਆ....

ਰੱਬ ਵੀ ਪਤਾ ਨਹੀਂ ਮੇਰੇ ਸਬਰ ਦਾ ਇਮਤਿਹਾਨ ਲੈ ਰਿਹਾ ਸੀ ਜਾਂ ਪਤਾ ਨਹੀਂ ਮੈਥੋਂ ਮੂੰਹ ਮੋੜੀਂ ਹੀ ਬੈਠਾ ਸੀ....

ਰਿਜ਼ਵਾਨਾ ਦੇ ਮੂੰਹੋਂ ਸਾਰਾ ਸੱਚ-ਕੱਥ ਸੁਣਨ ਮਗਰੋਂ ਜਦ ਮੈਂ ਗੌਹਰ ਚਾਚਾ ਕੋਲ ਜਾ ਕੇ ਲੜ੍ਹਨ ਲੱਗ ਪਿਆ ਤਾਂ ਉਸਨੇ ਅੱਗੋਂ ਮੇਰੇ ਮੂੰਹ ਤੇ ਇੰਨੀ ਜ਼ੋਰ ਦਾ ਤਮਾਚਾ ਜੜ ਦਿੱਤਾ ਕਿ ਨਾਲ ਦੇ ਸੱਤ ਘਰਾਂ ਵਿੱਚ ਵੀ ਆਵਾਜ਼ ਗੂੰਜ ਉੱਠੀ.....

" ਹੁਣ ਤੂੰ ਏਡਾ ਵੱਡਾ ਹੋ ਗਿਐਂ ਕਿ ਮੇਰੇ ਨਾਲ ਜ਼ੁਬਾਨ ਲੜਾਵੇਂਗਾ....ਯਾਦ ਰੱਖ ਮੈਂ ਚਾਚਾ ਹਾਂ ਤੇਰਾ ਚਾਚਾ.....ਤੇ ਤੂੰ ਮੇਰੀ ਤੌਹੀਨ ਕਰ ਰਿਹਾ ਏਂ..... ਜੇ ਤੈਨੂੰ ਕੁੱਝ ਯਾਦ ਨਾ ਹੋਵੇ ਤਾਂ ਮੈਂ ਤੈਨੂੰ ਦੱਸ ਦਿਆਂ ਕਿ ਤੂੰ ਮੇਰੇ ਟੁਕੜਿਆਂ 'ਤੇ ਪਲਣ ਵਾਲਾ ਇੱਕ........"

ਗੌਹਰ ਚਾਚਾ ਦਾ ਸੱਚ ਸਾਹਮਣੇ ਆ ਗਿਆ ਸੀ ਤੇ ਉਹਨੇ ਮੈਨੂੰ ਮੇਰਾ ਸੱਚ ਵੀ ਦਿਖਾਲ ਦਿੱਤਾ ਸੀ....." ਨਾਲੇ ਕੀ ਲੱਗਦੀ ਏ ਉਹ ਤੇਰੀ, ਜੀਹਦੇ ਪਿੱਛੇ ਅੱਜ

ਮੇਰੇ ਨਾਲ ਲੜ੍ਹਨ-ਮਰਨ ਆ ਗਿਐਂ...." ਆਪਣੀ ਗੰਧਲੀ ਸੋਚ ਨੂੰ ਪੇਸ਼ ਕਰ ਦਿੱਤਾ ਸੀ ਗੌਹਰ ਚਾਚਾ ਨੇ.....

" ਜੇ ਹੁਣ ਤੈਨੂੰ ਉਹ ਬਾਹਲੀ'ਓ ਈ ਆਪਣੀ ਹੋ ਗਈ ਏ ਤਾਂ ਜਾ.... ਦਫ਼ਾ ਹੋ.....ਰਹਿ ਲਾ ਜਾ ਕੇ ਓਹਦੇ ਨਾਲ ਈ...." ਗੌਹਰ ਚਾਚਾ ਨੇ ਸਾਫ਼-ਸਾਫ਼ ਸ਼ਬਦਾਂ ਵਿੱਚ ਮੈਨੂੰ ਘਰੋਂ ਕੱਢ ਦਿੱਤਾ ਸੀ, ਤੇ ਮੈਂ ਘਰ ਤਾਂ ਕੀ, ਪਿੰਡ ਛੱਡ ਕੇ ਹੀ ਚਲਾ ਗਿਆ.....

ਤਿੰਨ ਸਾਲਾਂ ਮਗਰੋਂ ਜਦ ਅਸਦ ਚਾਚਾ ਜੇਲ੍ਹ ਵਿੱਚੋਂ ਰਿਹਾ ਹੋਇਆ ਤਾਂ ਸਭ ਤੋਂ ਪਹਿਲਾਂ ਮੈਨੂੰ ਲੱਭਣ ਤੁਰ ਪਿਆ.... ਹਫ਼ਤੇ ਕੁ ਪਿੱਛੋਂ ਉਹ ਉਸ ਪਿੰਡ ਵੀ ਆ ਪਹੁੰਚਿਆ, ਜਿੱਥੇ ਕਿ ਹੁਣ ਮੈਂ ਰਹਿ ਰਿਹਾ ਸਾਂ....

ਮੈਨੂੰ ਅਸਦ ਚਾਚਾ ਇੱਕ ਬੋਹੜ ਥੱਲ੍ਹੇ ਗੁੰਮਸੁੰਮ ਤੇ ਪਰੇਸ਼ਾਨ ਜਿਹਾ ਦਿੱਸਿਆ ਤਾਂ ਮੈਂ ਦੂਰੋਂ ਹੀ ਉਸਨੂੰ ਪਛਾਣ ਲਿਆ.... ਪਰ ਉਹ ਮੈਨੂੰ ਨਹੀਂ ਸੀ ਪਛਾਣ ਸਕਿਆ.... ਮੈਂ ਉਸਨੂੰ ਪਿਛਲਾ ਸਭ ਚੇਤੇ ਕਰਾਇਆ ਤੇ ਆਪਣੀ ਹੁਣ ਦੀ ਬੀਤੀ ਦੋ ਸਾਲਾਂ ਦੀ ਕਹਾਣੀ ਵੀ ਦੱਸੀ ਕਿ ਕਿਸ ਤਰ੍ਹਾਂ ਮੈਂ ਇੱਕ ਪਿੰਡ ਤੋਂ ਦੂਜੇ ਪਿੰਡ ਮਾਰਾ-ਮਾਰਾ ਫਿਰਦਾ ਰਿਹਾਂ.... ਕਦੇ ਕਿਸੇ ਘਰ ਤੇ ਕਦੇ ਕਿਸੇ ਘਰ ਚਾਕਰੀ ਕਰਦਾ ਰਿਹਾਂ....

ਬੱਸ ਆਪਣੀ ਭੁੱਖ-ਨੰਗ ਨੂੰ ਸਹਾਰਾ ਦਿੰਦਾ ਹੋਇਆ ਥਾਂ-ਥਾਂ ਦੀਆਂ ਠੋਕਰਾਂ ਖਾਂਦਾ ਰਿਹਾਂ.....

ਅਸਦ ਚਾਚਾ ਮੈਨੂੰ ਆਪਣੇ ਪਿੰਡ ਲੈ ਗਿਆ.... ਜਿੱਥੇ ਕਿ ਮੇਰਾ ਸਭ ਕੁੱਝ ਸੀ, ਪਰ ਹੜੱਪ ਲਿਆ ਗਿਆ ਸੀ, ਮੇਰਾ ਘਰ, ਮੇਰੀ ਜ਼ਮੀਨ ਤੇ ਜਾਇਦਾਦ.....

ਸਿੱਧਾ-ਸਿੱਧਾ ਤਾਂ ਗੌਹਰ ਚਾਚਾ ਮੈਨੂੰ ਮੇਰੀ ਜ਼ਮੀਨ ਦੇਣ ਤੋਂ ਰਿਹਾ ਸੀ, ਇਸ ਲਈ ਅਸਦ ਚਾਚਾ ਇਹ ਮਾਮਲਾ ਪੰਚਾਇਤ 'ਚ ਲੈ ਗਿਆ.... ਜਿਸ ਦਾ ਸਿੱਟਾ ਇਹ ਨਿਕਲਿਆ ਕਿ ਗੌਹਰ ਚਾਚਾ ਅਸਦ ਚਾਚਾ ਦਾ ਵੀ ਦੁਸ਼ਮਣ ਬਣ ਗਿਆ ਤੇ ਰਾਤੋਂ-ਰਾਤ ਹੀ ਗੌਹਰ ਚਾਚਾ ਨੇ ਉਸਦਾ ਕੰਮ ਤਮਾਮ ਕਰਵਾ ਦਿੱਤਾ.....

ਅਸਦ ਚਾਚਾ ਤਾਂ ਮੇਰੇ ਹੱਕਾਂ ਲਈ ਲੜ੍ਹਨ ਵਾਸਤੇ ਅੱਗੇ ਆਇਆ ਸੀ, ਪਰ ਆਪਣੀ ਨੇਕੀ ਦਾ ਫ਼ਲ ਉਸਨੂੰ ਆਪਣੀ ਜਾਨ ਗਵਾ ਕੇ ਦੇਣਾ ਪੈ ਗਿਆ....

ਇਹੋ ਜਿਹੀ ਮੌਤ ਓਹਦੀ ਕਿਸਮਤ ਵਿੱਚ ਕਿੱਥੇ ਲਿਖੀ ਹੋਈ ਸੀ, ਇਹ ਤਾਂ ਮੇਰੀ ਬਦਨਸੀਬੀ ਸੀ, ਜੋ ਉਸਨੂੰ ਵੀ ਲੈ ਡੁੱਬੀ....

ਮੈਂ ਕਿੱਥੇ ਆਪਣੇ ਹੱਕ ਖੋਹ ਕੇ ਲੈਣ ਵਾਲਾ ਸੀ, ਸਗੋਂ ਅਸਦ ਚਾਚਾ ਦੀ ਮੌਤ ਤੋਂ ਬਾਅਦ ਮੈਨੂੰ ਤਾਂ ਆਪਣੀ ਵੀ ਜਾਨ ਦੇ ਲਾਲੇ ਪੈ ਗਏ ਸਨ....

ਮੈਂ ਇੱਕ ਵਾਰੀ ਫੇਰ ਪਿੰਡ ਤੋਂ ਨਿਕਲ ਜਾਣਾ ਸੀ ਕਿੱਧਰੇ ਦੂਰ....ਜੇ ਮੈਨੂੰ ਜਾਂਦੇ ਨੂੰ 'ਸਾਦਿਆ' ਨਾ ਵੇਖ ਲੈਂਦੀ.....ਸਾਦਿਆ ਸਾਡੇ ਗੁਆਂਢ 'ਚ ਹੀ ਰਹਿੰਦੀ ਸੀ ਤੇ ਮੇਰੀ ਹਾਲਤ ਤੇ ਮੇਰੇ ਹਾਲਾਤਾਂ ਤੋਂ ਚੰਗੀ ਤਰਾਂ ਜਾਣੂ ਵੀ ਸੀ....

ਉਸਦੀ ਮੇਰੇ ਪ੍ਰਤੀ ਹਮਦਰਦੀ ਕਦ ਪਿਆਰ 'ਚ ਤਬਦੀਲ ਹੋ ਗਈ, ਇਹ ਉਹ ਵੀ ਨਹੀਂ ਸੀ ਜਾਣਦੀ ਤੇ ਮੈਂ ਤਾਂ ਉਹਨੂੰ ਯਾਨਿ ਸਾਦਿਆ ਨੂੰ ਚੰਗੀ ਤਰ੍ਹਾਂ ਜਾਣਦਾ ਹੀ ਕਿੱਥੇ ਸਾਂ....

ਸਾਦਿਆ ਨੇ ਆਪਣੇ ਅੱਬੂ ਨੂੰ ਕਹਿ ਕੇ ਮੈਨੂੰ ਆਪਣੇ ਘਰ ਰਖਵਾ ਲਿਆ ਅਤੇ ਡੰਗਰਾਂ ਦੀ ਸਾਂਭ-ਸੰਭਾਲ ਦਾ ਕੰਮ ਵੀ ਦਵਾ ਦਿੱਤਾ.... ਇਸ ਕੰਮ ਦੇ ਬਦਲੇ ਮੈਨੂੰ ਉਸਦੇ ਘਰ ਦੋ ਵਖ਼ਤ ਦੀ ਰੋਟੀ ਤੇ ਰਾਤ ਨੂੰ ਦੋ ਘੜੀ ਸੌਣ ਲਈ ਸਿਰ ਤੇ ਛੱਤ ਮਿਲ ਜਾਇਆ ਕਰਦੀ ਸੀ.....

ਮੈਂ ਉਸਦੇ ਘਰ ਕੰਮ ਕਰਦਾ ਰਿਹਾ ਤੇ ਉਹ ਮੈਨੂੰ ਹੌਲੀ-ਹੌਲੀ ਪਸੰਦ ਆਉਣ ਲੱਗੀ.... ਉਹ ਤਾਂ ਮੈਨੂੰ ਕਦ ਦੀ ਹੀ ਪਿਆਰ ਕਰਦੀ ਸੀ, ਪਰ ਮੇਰਾ ਉਸ ਨਾਲ ਪਿਆਰ ਅਜੇ ਸ਼ੁਰੂ ਹੀ ਹੋਇਆ ਸੀ....

ਪਿਆਰ ਪੈ ਤਾਂ ਗਿਆ, ਪਰ ਸਿਰੇ ਨਹੀਂ ਸੀ ਚੜ੍ਹ ਸਕਿਆ, ਕਿਉਂਕਿ ਉਸ ਤੋਂ ਪਹਿਲਾਂ ਹੀ ਸਾਦਿਆ ਵਿਆਹੀ ਗਈ ਤੇ ਸਾਡਾ ਪਿਆਰ ਅਧੂਰਾ ਹੀ ਰਹਿ ਗਿਆ....

' ਮੈਂ ਵੀ ਉਸਨੂੰ ਪਿਆਰ ਕਰਦਾ ਸਾਂ, ਪਰ ਉਹ ਮੈਨੂੰ ਮੈਂਥੋਂ ਵੀ ਜ਼ਿਆਦਾ ਕਰਦੀ ਸੀ.....'

ਇਸ ਲਈ ਦਿਨ ਵੇਲ਼ੇ ਇਤਲਾਹ ਦੇ ਕੇ ਰਾਤੀਂ ਚੋਰੀ-ਛਿਪੇ ਹੀ ਆਪਣੇ ਪਿੰਡ ਦੇ ਮੋੜ ਤੇ ਮੈਨੂੰ ਮਿਲਣ ਆ ਗਈ....

ਪਰ ਮੇਰੀ ਬਦਨਸੀਬੀ, ਕਿ ਮੈਂ ਉਸਨੂੰ ਇਜ਼ਹਾਰ ਤੱਕ ਵੀ ਨਾ ਕਰ ਸਕਿਆ.... ਲੋਕਾਂ ਨੂੰ ਭਿਣਕ ਲੱਗ ਗਈ ਸੀ ਜਾਂ ਉਹਨਾਂ ਨੇ ਸਾਨੂੰ ਰਾਤੀਂ ਮਿਲਦੇ ਵੇਖ ਲਿਆ ਸੀ, ਪਤਾ ਨਹੀਂ.....

ਪਰ ਜਦ ਤਮਾਸ਼ਾ ਹੋਇਆ ਤਾਂ ਉਸ ਵਿੱਚ ਗੌਹਰ ਚਾਚਾ ਵੀ ਸ਼ਾਮਿਲ ਸੀ ਤੇ ਸਾਦਿਆ ਦਾ ਸ਼ੌਹਰ ਵੀ....ਲੋਕਾਂ ਵੱਲੋਂ ਨਾ ਸਿਰਫ਼ ਮੈਨੂੰ ਮਿਹਣੇ ਮਾਰੇ ਗਏ, ਸਗੋਂ ਲੋਕਾਂ ਨੇ ਤਾਂ ਸਾਦਿਆ ਦਾ ਜਲੂਸ ਕੱਢਣ ਵਿੱਚ ਵੀ ਕੋਈ ਕਸਰ ਨਹੀਂ ਸੀ ਛੱਡੀ....

ਪਰ ਸ਼ਾਇਦ ਸਾਦਿਆ ਨੂੰ ਕੋਈ ਫ਼ਰਕ ਹੀ ਨਹੀਂ ਸੀ ਪਿਆ, ਸਗੋਂ ਉਹ ਤਾਂ ਏਸ ਗੱਲੋਂ ਖੁਸ਼ ਸੀ ਕਿ ਚੰਗਾ ਹੋਇਆ ਸਭਨੂੰ ਪਤਾ ਲੱਗ ਗਿਆ.... ਉਸਨੇ ਸਾਰਿਆਂ ਸਾਹਮਣੇ ਇਹ ਕਬੂਲ ਕਰ ਲਿਆ ਕਿ ਅਸਲ 'ਚ ਉਹ ਮੈਨੂੰ ਪਿਆਰ ਕਰਦੀ ਏ ਤੇ ਉਸਦਾ ਨਿਗਾਹ ਉਸਦੀ ਮਰਜ਼ੀ ਦੇ ਵਿਰੁੱਧ ਹੋਇਆ ਏ....

ਪਰ ਲੋਕ ਉਲਟਾ ਮੈਨੂੰ ਹੀ ਦੋਸ਼ ਦੇ ਰਹੇ ਸਨ ਕਿ ਮੈਂ ਹੀ ਕੁੜੀ ਨੂੰ ਵਰਗਲਾ ਕੇ ਆਪਣੇ ਪਿੱਛੇ ਲਾ ਲਿਆ ਏ...ਸਾਦਿਆ ਦਾ ਸ਼ੌਹਰ ਆਇਆ ਤਾਂ ਉਹ ਵੀ ਅੱਗੋਂ ਮੈਨੂੰ ਤੇ ਸਾਦਿਆ ਨੂੰ ਊਲ-ਜਲੂਲ ਬੋਲਦਾ ਰਿਹਾ...... ਸਾਦਿਆ ਉਸ ਨਾਲ ਜਾਣ ਲਈ ਤਿਆਰ ਨਹੀਂ ਸੀ, ਪਰ ਸਾਦਿਆ ਦਾ ਸ਼ੌਹਰ ਉਸਨੂੰ ਜ਼ਬਰਦਸਤੀ ਧਕੇਲਦਾ ਰਿਹਾ.....

ਫਿਰ ਮੇਰੀ ਬਦਨਸੀਬੀ ਨੇ ਆਪਣਾ ਅਗਲਾ ਰੰਗ ਵਿਖਾਇਆ ਤੇ ਮੈਨੂੰ ਪਿਆਰ ਕਰਨ ਦਾ ਖ਼ਮਿਆਜ਼ਾ ਸਾਦਿਆ ਨੂੰ ਵੀ ਭੁਗਤਣਾ ਪਿਆ.... ਤੇ ਉਹ ਵੀ ਆਪਣੀ ਜਾਨ ਗਵਾ ਕੇ.... ਸਾਦਿਆ ਮੇਰੇ ਨਾਲ ਪਿਆਰ ਕਰਦੀ ਸੀ ਤੇ ਉਹ ਵੀ ਸੱਚਾ ਪਿਆਰ.... ਏਸ ਲਈ ਉਹ ਸਿਰਫ਼ ਮੇਰੇ ਨਾਲ ਰਹਿਣਾ ਚਾਹੁੰਦੀ ਸੀ...ਤੇ ਮੇਰੇ ਨਾਲ ਹੀ ਆਪਣੀ ਜ਼ਿੰਦਗੀ ਬਿਤਾਉਣੀ ਚਾਹੁੰਦੀ ਸੀ....ਪਰ ਉਸਦੀ ਇਹ ਖਵਾਇਸ਼, ਖਵਾਇਸ਼ ਹੀ ਰਹਿ ਗਈ....

ਜਦ ਸਾਦਿਆ ਦਾ ਸ਼ੌਹਰ ਉਸਨੂੰ ਜ਼ਬਰਦਸਤੀ ਖਿੱਚਦਾ ਰਿਹਾ ਤਾਂ ਉਹ ਉਸਨੂੰ ਜ਼ੋਰ ਦੀ ਧੱਕਾ ਦੇ ਓਥੋਂ ਭੱਜ ਗਈ.... ਭੱਜਦੇ-ਭੱਜਦੇ ਉਹ ਖੇਤ ਵੱਲ ਨੂੰ ਨਿਕਲ ਗਈ ਤੇ ਰਾਤ ਦੇ ਹਨ੍ਹੇਰੇ ਵਿੱਚ ਇੱਕ ਖੂਹ ਵਿੱਚ ਜਾ ਡਿੱਗੀ.... ਮੇਰੀ ਬਦਨਸੀਬੀ ਕਾਰਨ ਮੇਰੇ ਆਪਣਿਆਂ ਨੂੰ ਆਪਣੀ ਜਾਨ ਗਵਾਉਣੀ ਪਈ, ਪਰ ਮੈਂ ਬਦਨਸੀਬ ਕਿ ਮੈਨੂੰ ਮੌਤ ਹੀ ਨਾ ਆਈ.....!

www.PunjabiLibrary.com

## ......ਆਖ਼ਿਰੀ ਦੀਵਾਲੀ......

ਦੀਵਾਲੀ ਆ ਰਹੀ ਏ.....ਹਰ ਪਾਸੇ ਦੀਵਾਲੀ ਦੀਆਂ ਤਿਆਰੀਆਂ ਚੱਲ ਰਹੀਆਂ ਨੇ.....ਦੁਕਾਨਾਂ ਤੇ ਹਰ ਦਿਨ ਹੀ ਭੀੜ ਉਮੜੀ ਰਹਿੰਦੀ ਏ......ਕੋਈ ਘਰ ਲਈ ਨਵਾਂ ਸਮਾਨ ਖਰੀਦ ਰਿਹਾ ਏ, ਕੋਈ ਨਵਾਂ ਫਰਨੀਚਰ, ਨਵੀਂ ਕ੍ਰੋਕਰੀ, ਨਵੇਂ ਉਪਕਰਨ....

ਕੋਈ ਨਵੇਂ ਗਹਿਣੇ ਖ਼ਰੀਦ ਰਿਹਾ ਏ.....ਸੋਨੇ ਦੇ ਗਹਿਣੇ, ਰਾਣੀ ਹਾਰ, ਚਾਂਦੀ ਦੀਆਂ ਝਾਂਜਰਾਂ, ਹੀਰੇ ਦੀਆਂ ਅੰਗੂਠੀਆਂ, ਮੋਤੀਆਂ ਦੇ ਕੜੇ ਤੇ ਚੰਦਨ ਹਾਰ.... ਕੋਈ ਆਪਣੇ ਚਹੇਤਿਆਂ ਤੇ ਦੂਰ-ਨੇੜ੍ਹੇ ਦੇ ਰਿਸ਼ਤੇਦਾਰਾਂ ਲਈ ਤੋਹਫ਼ੇ ਖਰੀਦ ਰਿਹਾ ਏ....

ਬੱਚਿਆਂ ਨੂੰ ਮਿਠਾਈਆਂ ਦਾ ਚਾਅ ਏ.....ਰੰਗ-ਬਰੰਗੀਆਂ, ਰਸ ਭਰੀਆਂ, ਕਾਜੂ-ਬਦਾਮਾਂ ਨਾਲ ਸਜੀਆਂ...... ਨਵੇਂ ਕੱਪੜ੍ਹਿਆਂ ਦਾ ਚਾਅ ਏ..... ਤੇ ਪਟਾਖਿਆਂ ਦਾ ਚਾਅ ਤਾਂ ਹੱਦੋ ਵੱਧ ਏ....

ਦੀਪੀ ਤੇ ਰਿੰਕੂ ਨੇ ਵੀ ਦੋ ਦਿਨਾਂ ਤੋਂ ਜ਼ਿੱਦ ਫੜੀ ਪਈ ਏ ਕਿ ਸਾਨੂੰ ਨਵੇਂ ਕੱਪੜੇ ਲਿਆ ਕੇ ਦਿਓ..... ਪਟਾਖੇ ਲਿਆ ਕੇ ਦਿਓ.... ਅਜੇ ਤਾਂ ਦੀਵਾਲੀ ਨੂੰ ਹਫ਼ਤਾ

ਪਿਆ ਏ ਤੇ ਬੱਚਿਆਂ ਨੇ ਇੱਦਾਂ ਰੱਟ ਲਾਈ ਹੋਈ ਏ ਜਿਵੇਂ ਦੀਵਾਲੀ ਕੱਲ ਹੀ ਹੋਵੇ....

"ਮੰਮੀ, ਬੰਟੀ ਹੁਰੀਂ ਵੀ ਪਟਾਖੇ ਲੈ ਆਏ ਨੇ....ਚਲੋ ਨਾ, ਆਪਾਂ ਵੀ ਲੈ ਕੇ ਆਈਏ..." ਰਿੰਕੂ ਨੂੰ ਨਵੇਂ ਪਟਾਖਿਆਂ ਦਾ ਚਾਅ ਏ ਤੇ ਦੀਪੀ," ਮੰਮੀ, ਏਸ ਵਾਰੀ ਮੈਨੂੰ ਪੀਲੇ ਰੰਗ ਦਾ ਸੂਟ ਲੈ ਕੇ ਦਿਓ.... ਮੈਨੂੰ ਬੜਾ ਚੰਗਾ ਲੱਗਦਾ ਏ ਪੀਲਾ ਰੰਗ..... ਨਾਲੇ ਮੇਰੇ ਕੋਲ ਤਾਂ ਪੀਲੇ ਰੰਗ ਦਾ ਕੋਈ ਸੂਟ ਹੈ ਵੀ ਨਹੀਂ....." ਦੀਪੀ ਦਾ ਤਾਂ ਨਵੇਂ ਸੂਟਾਂ ਦਾ ਕਦੇ ਚਾਅ ਹੀ ਨਹੀਂ ਲੱਥਦਾ..... ਇਹਨਾਂ ਨੂੰ ਮਤਲਬ ਕਿ ਮੇਰੇ ਪਤੀ ਨੂੰ ਆਪਣੇ ਦੋਸਤਾਂ-ਮਿੱਤਰਾਂ ਨਾਲ ਮਿਲਣ ਦਾ ਚਾਅ ਰਹਿੰਦਾ ਏ.....ਉਹ ਵੀ ਕਿਤੇ ਚਿਰਾਂ ਪਿੱਛੋਂ ਜਾ ਕੇ ਹੀ ਕਿਸੇ ਦਿਨ-ਤਿਉਹਾਰ ਤੇ ਮਿਲ ਪਾਉਂਦੇ ਨੇ.....ਹੱਸਦੇ, ਗੱਲਾਂ ਕਰਦੇ ਨੇ....ਆਪਣੇ ਬੀਤੇ ਬਚਪਨ ਦੀਆਂ ਯਾਦਾਂ ਤਾਜ਼ਾ ਕਰਦੇ ਨੇ.....

ਹਰੇਕ ਨੂੰ ਇਸ ਤਿਉਹਾਰ ਦਾ ਚਾਅ ਏ....ਹਰੇਕ ਇਸ ਤਿਉਹਾਰ ਦੀ ਉਡੀਕ ਕਰ ਰਿਹੈ.....ਚਾਅ ਤਾਂ ਮੈਨੂੰ ਵੀ ਸੀ.... ਇਸ ਤਿਉਹਾਰ ਦਾ.... ਦੀਵਾਲੀ ਦਾ..... ਦੀਵਾਲੀ ਦੀ ਜਗਮਗਾਉਂਦੀ ਰਾਤ ਦਾ..... ਆਤਿਸ਼ਬਾਜ਼ੀਆਂ ਨਾਲ ਚਮਕਦੇ ਅਸਮਾਨ ਦਾ.... ਪਟਾਖਿਆਂ ਦੀ ਆਵਾਜ਼ ਨਾਲ ਗੂੰਜਦੇ ਆਲੇ-ਦੁਆਲੇ ਦਾ.....

ਦੀਪੀ ਵਾਂਗੂ ਨਵੇਂ ਕੱਪੜਿਆਂ ਦਾ..... ਰਿੰਕੂ ਵਾਂਗੂ ਵੰਨ-ਸੁਵੰਨੀਆਂ, ਰਸ ਭਰੀਆਂ ਮਠਿਆਈਆਂ ਦਾ ਤੇ ਇਹਨਾਂ ਵਾਂਗੂ ਮਤਲਬ ਮੇਰੇ ਪਤੀ ਆਕਾਸ਼ ਵਾਂਗੂ ਆਪਣੇ ਦੋਸਤਾਂ ਨੂੰ ਮਿਲਣ ਦਾ..... ਉਹਨਾਂ ਨਾਲ ਰਲ਼ ਕੇ ਦੀਵਾਲੀ ਮਨਾਉਣ ਦਾ.....

ਬਚਪਨ ਦੇ ਚਾਅ ਕੁੱਝ ਹੋਰ ਸਨ.... ਤੇ ਚੜ੍ਹਦੀ ਜਵਾਨੀ ਦੇ ਕੁੱਝ ਹੋਰ..... ਚੜ੍ਹਦੀ ਜਵਾਨੀ ਨਾਲ ਚਾਅ ਚੜ੍ਹਦੇ ਗਏ.... ਹਰ ਆਉਂਦੀ ਦੀਵਾਲੀ ਨਾਲ ਚਾਅ ਪਹਿਲਾਂ ਨਾਲੋਂ ਵੱਧ ਨਰੋਏ ਹੋ-੨ ਆਉਂਦੇ ਰਹੇ....

ਪਰ ਉਸ ਇੱਕ ਦੀਵਾਲੀ ਪਿੱਛੋਂ ਹਰ ਬੀਤਦੀ ਦੀਵਾਲੀ ਨਾਲ ਚਾਅ ਵੀ ਮਰਦੇ ਗਏ ਤੇ ਢਲਦੀ ਜਵਾਨੀ ਨਾਲ ਢਲਦੇ ਗਏ..... ਹੁਣ ਮੇਰੇ ਆਪਣੇ ਚਾਅ ਕੋਈ ਖਾਸ ਨਹੀਂ, ਪਰ ਹੋਰਾਂ ਦੇ ਚਾਅ ਤਾਂ ਖਾਸ ਨੇ ਨਾ.... ਮੈਂ ਉਹਨਾਂ 'ਚ ਹੀ ਖੁਸ਼ ਹੋ ਲੈਨੀ ਆਂ.... ਕਦੇ ਬੱਚਿਆਂ ਨਾਲ ਜੀਅ ਪਰਚਾ ਲੈਨੀ ਆਂ....ਤੇ ਕਦੇ ਆਕਾਸ਼ ਨਾਲ ਹੱਸ ਲੈਨੀ ਆਂ.....

ਜੇ ਉਹਨਾਂ ਨਾਲ ਨਾ ਹੱਸਾਂ ਤਾਂ ਉਹ ਬੁਰਾ ਤਾਂ ਨਹੀਂ ਮਨਾਉਂਦੇ, ਪਰ ਮੇਰੀ ਉਦਾਸੀ ਵੇਖ ਆਪ ਵੀ ਉਦਾਸ ਹੋ ਜਾਂਦੇ ਨੇ.....ਤੇ ਮੈਨੂੰ ਉਹਨਾਂ ਦੀ ਉਦਾਸੀ ਚੰਗੀ ਨਹੀਂ ਲੱਗਦੀ.....

ਜਦ ਵੀ ਦੀਵਾਲੀ ਦੀ ਰਾਤ ਆਉਂਦੀ ਏ, ਮੈਂ ਆਪਣੀ ਜ਼ਿੰਦਗੀ ਦੀ ਉਸ ਬੀਤੀ ਦੀਵਾਲੀ ਦੀ ਰਾਤ ਚੇਤੇ ਕਰਨ ਲੱਗ ਜਾਂਦੀ ਆਂ..... ਉਹ ਬੀਤੀ ਰਾਤ..... ਉਹ ਮੰਦਭਾਗੀ ਰਾਤ..... ਉਹ ਕਾਲੀ ਦੀਵਾਲੀ..... ਜਿਸਨੇ ਮੇਰੀ ਤੇ ਕਈਆਂ ਦੀ ਜ਼ਿੰਦਗੀ 'ਚ ਅੰਧਕਾਰ ਕਰ ਦਿੱਤਾ.... ਸ਼ਾਇਦ ਮੈਂ ਉਸ ਸਦਮੇ ਵਿੱਚੋਂ ਅੱਜ ਵੀ ਬਾਹਰ ਨਹੀਂ ਆ ਸਕੀ....

"ਮੰਮੀ, ਮੰਮੀ.... ਚਲੋ ਨਾ ਪਟਾਖੇ ਲੈਣ ਚਲੀਏ....." ਰਿੰਕੂ ਫਿਰ ਤੋਂ ਜ਼ਿੱਦ ਕਰਨ ਲੱਗ ਪਿਆ.... ਮੈਂ ਉਸਨੂੰ ਕੱਲ੍ਹ ਬਾਜ਼ਾਰ ਚੱਲਣ ਦਾ ਵਾਅਦਾ ਕਰ ਦਿੱਤਾ ਤੇ ਆਪ ਰਸੋਈ ਦਾ ਕੰਮ ਕਰਨ ਵਿੱਚ ਰੁੱਝ ਗਈ....

ਦੀਵਾਲੀ ਆਉਣ  ਨੂੰ ਤਾਂ ਥੋੜ੍ਹੇ ਦਿਨ ਹੀ ਰਹਿ ਗਏ ਨੇ, ਪਰ ਅਜੇ ਤੱਕ ਮੈਂ ਘਰ ਦੀ ਸਾਫ਼-ਸਫ਼ਾਈ ਦਾ ਕੰਮ ਸ਼ੁਰੂ ਵੀ ਨਹੀਂ ਕੀਤਾ....ਉਂਝ ਤਾਂ ਮੈਂ ਘਰ ਨੂੰ ਸਾਫ਼-ਸੁਥਰਾ ਹੀ ਰੱਖਦੀ ਹਾਂ, ਪਰ ਸਟੋਰ ਰੂਮ ਨੂੰ ਓਦੋਂ ਹੀ ਸਾਫ਼ ਕਰਦੀ ਹਾਂ, ਜਦ ਦੀਵਾਲੀ ਆਉਣ ਵਾਲੀ ਹੁੰਦੀ ਏ....

ਇਸਦਾ ਵੀ ਇੱਕ ਕਾਰਨ ਏ..... ਤੇ ਇਸ ਕਾਰਨ ਪਿੱਛੇ ਦਾ ਸੁਝਾਅ ਜਾਂ ਕਹਿ ਲਓ ਕਿ ਹਿਦਾਇਤ, ਮੇਰੇ ਪਤੀ ਆਕਾਸ਼ ਦੀ ਦਿੱਤੀ ਹੋਈ ਏ....ਉਹ ਮੇਰੇ ਸੁਭਾਅ

ਨੂੰ ਚੰਗੀ ਤਰ੍ਹਾਂ ਜਾਣਦੇ ਹਨ ਤੇ ਇਹ ਵੀ ਜਾਣਦੇ ਹਨ ਕਿ ਜਦ ਮੈਂ ਉਸ ਸਟੋਰ ਰੂਮ ਵਿੱਚ ਜਾਂਨੀ ਹਾਂ ਤਾਂ ਓਹੀਓ ਗੱਲਾਂ ਫੇਰ ਤੋਂ ਚੇਤੇ ਕਰਨ ਲੱਗ ਜਾਂਨੀ ਆਂ ਤੇ ਉਹਨਾਂ ਬੀਤੀਆਂ ਰਾਤਾਂ 'ਚ ਕਿਧਰੇ ਗੁਆਚ ਜਾਂਨੀ ਆਂ.....

ਕਮਰੇ 'ਚ ਦਾਖ਼ਲ ਹੁੰਦੇ ਹੀ ਮੈਨੂੰ ਉਦਾਸੀ ਘੇਰ ਲੈਂਦੀ ਏ ਤੇ ਮੈਂ ਕਿੰਨਾ-੨ ਚਿਰ ਕਮਰੇ 'ਚ ਬੈਠੀ ਹੀ ਪਛਤਾਵੇ ਦੇ ਹੰਝੂ ਕੇਰਦੀ ਰਹਿੰਦੀ ਹਾਂ..... ਮੇਰੀ ਉਦਾਸੀ ਨੂੰ ਘਟਾਉਣ ਲਈ ਹੀ ਆਕਾਸ਼ ਨੇ ਮੈਨੂੰ ਉਸ ਕਮਰੇ ਵਿੱਚ ਸਿਰਫ਼ ਉਸ ਵੇਲੇ ਜਾਣ ਦੀ ਹੀ ਆਗਿਆ ਦਿੱਤੀ ਏ, ਜਦ ਉਸ ਕਮਰੇ ਨੂੰ ਅਸਲ 'ਚ ਹੀ ਕਿਸੇ ਦੇ ਆਉਣ ਜਾਂ ਝਾੜ-ਪੂੰਝ ਦੀ ਲੋੜ ਹੁੰਦੀ ਏ.....

ਮੈਂ ਆਪ ਵੀ ਉਸ ਕਮਰੇ ਵਿੱਚ ਜਾਣਾ ਨਹੀਂ ਚਾਹੁੰਦੀ, ਕਿਉਂਕਿ ਉਸ ਕਮਰੇ ਦੀ ਹਰ ਚੀਜ਼, ਹਰ ਸ਼ੈਅ, ਮੈਨੂੰ ਬੀਤੀ ਰਾਤ ਤੇ ਉਹ 'ਕਾਲੀ ਦੀਵਾਲੀ' ਯਾਦ ਕਰਾ ਦਿੰਦੀ ਏ, ਜੋ ਮੈਂ ਯਾਦ ਤਾਂ ਨਹੀਂ ਕਰਨਾ ਚਾਹੁੰਦੀ, ਪਰ ਭੁੱਲ ਵੀ ਨਹੀਂਓ ਪਾ ਰਹੀ....

ਰਾਤ ਦੀ ਰੋਟੀ ਦਾ ਵੀ ਵੇਲਾ ਹੋ ਚੱਲਿਆ ਏ....ਮੈਂ ਰੋਟੀ-ਪਾਣੀ ਦੀ ਤਿਆਰੀ ਕਰਨੀ ਏ ਤੇ ਰਿੰਕੂ ਦਾ ਹੋਮ-ਵਰਕ ਵੀ ਅਜੇ ਬਾਕੀ ਏ....ਦੀਪੀ ਨੂੰ ਹੋਮ-ਵਰਕ

ਤਾਂ ਮੈਂ ਸ਼ਾਮ ਨੂੰ ਹੀ ਕਰਾ ਛੱਡਿਆ ਸੀ.....ਉਹ ਪੜ੍ਹਨ ਵਿੱਚ ਵੀ ਤੇਜ਼ ਏ ਤੇ ਕੰਮ-ਕਾਜ ਵਿੱਚ ਵੀ....

ਮੈਂ ਉਸਨੂੰ ਇੱਕ-ਦੋ ਸੁਆਲ ਕਰਾ ਦਿੰਨੀ ਆਂ ਤੇ ਬਾਕੀ ਦੇ ਉਹ ਆਪ ਹੀ ਕਰ ਲੈਂਦੀ ਏ....ਇਸੇ ਤਰ੍ਹਾਂ ਹੋਰ ਵਿਸ਼ਿਆਂ ਦਾ ਕੰਮ ਵੀ ਉਹ ਆਪ ਹੀ ਕਰ ਲੈਂਦੀ ਏ.....ਮਗਰੋਂ ਮੇਰਾ ਕੰਮ ਬੱਸ ਇੱਕ ਵਾਰੀ ਇਹ ਵੇਖਣ ਦਾ ਹੁੰਦਾ ਏ ਕਿ ਕੰਮ ਸਹੀ ਹੈ ਜਾਂ ਨਹੀਂ.... ਹਰ ਵਾਰੀ ਜਮਾਤ 'ਚ ਪਹਿਲੇ ਨੰਬਰ ਤੇ ਆਉਂਦੀ ਏ.... ਉਹਦੀ ਮੈਡਮ ਵੀ ਉਹਦੇ ਕੰਮ ਦੀਆਂ ਤਰੀਫਾਂ ਕਰਦੀ ਨਹੀਂ ਥੱਕਦੀ.....

ਜਦੋਂ ਮੈਂ ਤੇ ਮੇਰੀ ਸਹੇਲੀ 'ਸੀਮਾ' ਸਕੂਲ ਪੜ੍ਹਦੀਆਂ ਸਾਂ ਤਾਂ ਸੀਮਾ ਹੀ ਪਹਿਲੇ ਨੰਬਰ ਤੇ ਆਇਆ ਕਰਦੀ ਸੀ ਤੇ ਮੈਂ ਕਿਸੇ ਵੀ ਨੰਬਰ ਤੇ ਨਹੀਂ..... ਪਰ ਸਾਡਾ ਦੋਹਾਂ ਦਾ ਪਿਆਰ ਇੰਨਾ ਸੀ ਕਿ ਅਸੀਂ ਕਦੇ ਲੜ੍ਹਦੇ ਨਹੀਂ ਸਾਂ ਹੁੰਦੇ.... ਹਮੇਸ਼ਾ 'ਕੱਠੇ ਬੈਠਦੇ.....'ਕੱਠੇ ਖਾਂਦੇ...... ਇੱਕ-ਦੂਜੇ ਦੇ ਘਰ ਹੀ ਸੌਂ ਜਾਂਦੇ....'ਕੱਠੇ ਦੀਵਾਲੀ ਮਨਾਉਂਦੇ ਤੇ 'ਕੱਠੇ ਹੱਸਦੇ-ਖੇਡਦੇ.....

ਮੈਂ ਆਪਣੀਆਂ ਬੀਤੀਆਂ ਦੀਵਾਲੀਆਂ ਉਹਦੇ ਨਾਲ ਮਨਾਈਆਂ.... ਬਚਪਨ ਵਿੱਚ ਅਸੀਂ ਇੱਕ-ਦੂਜੇ ਦੇ ਘਰ ਚਲੀਆਂ ਜਾਂਦੀਆਂ ਸੀ ਤੇ ਜਦੋਂ ਜਵਾਨ ਹੋਈਆਂ ਤਾਂ

ਵੀ ਕਦੇ ਅਸੀਂ ਦੀਵਾਲੀ ਇਕੱਲੇ-੨ ਨਹੀਂ ਸੀ ਮਨਾਈ.... ਅਸੀਂ 'ਕੱਠੇ ਸਕੂਲ ਜਾਂਦੇ ਰਹੇ ਤੇ 'ਕੱਠੇ ਹੀ ਕਾਲਜ ਜਾਂਦੇ ਰਹੇ.....

ਜਦ ਛੁੱਟੀਆਂ ਪੈਂਦੀਆਂ, ਉਹ ਮੇਰੇ ਘਰ ਰਹਿਣ ਆ ਜਾਇਆ ਕਰਦੀ.... ਫੇਰ ਅਸੀਂ 'ਕੱਠੇ ਸੌਂਦੇ..... ਇਹ ਕਿਸਮਤ ਦਾ ਖੇਲ ਸੀ ਜਾਂ ਸਬੱਬ ਕਹਿ ਲਓ ਕਿ ਅਸੀਂ ਜਿੱਥੇ ਵੀ ਰਹੇ, 'ਕੱਠੇ ਹੀ ਰਹੇ.... ਮੇਰਾ ਵਿਆਹ ਹੋਇਆ ਤਾਂ ਮੈਂ ਇੱਥੇ ਆ ਗਈ ਤੇ ਜਦ ਉਹਦਾ ਵਿਆਹ ਹੋਇਆ, ਉਹ ਵੀ ਏਸੇ ਘਰ ਹੀ ਵਿਆਹੀ ਗਈ....

ਆਕਾਸ਼ ਦੇ ਛੋਟੇ ਭਰਾ ਹੈਰੀ ਨਾਲ ਉਸਦਾ ਵਿਆਹ ਹੋਇਆ ਤੇ ਉਹ ਮੇਰੀ ਦਰਾਣੀ ਬਣ ਗਈ.... ਪਰ ਮੈਂ ਫੇਰ ਵੀ ਉਸਨੂੰ ਸਹੇਲੀ ਬਣ ਕੇ ਹੀ ਮਿਲਦੀ, ਕਦੇ ਉਸ ਅੱਗੇ ਜੇਠਾਣੀ ਵਾਲਾ ਰੋਹਬ ਨਹੀਂ ਸੀ ਰੱਖਿਆ.....

ਕੋਈ ਸਾਨੂੰ ਕੱਠੀਆਂ ਨੂੰ ਵੇਖ ਲੈਂਦਾ ਤਾਂ ਕਹਿ ਦਿੰਦਾ ਕਿ ਅਸੀਂ ਤਾਂ ਸਕੀਆਂ ਭੈਣਾਂ ਲੱਗਦੀਆਂ....ਅਸੀਂ 'ਕੱਠੇ ਹੀ ਕਿੰਨੇ ਚਾਅ ਹੰਢਾਏ....'ਕੱਠੇ ਸੂਟ ਲੈਣ ਜਾਂਦੀਆਂ.....'ਕੱਠੀਆਂ ਹੀ ਪਾਰਲਰ ਜਾਂਦੀਆਂ.... ਹੋਰ ਤਾਂ ਹੋਰ ਸਬਜ਼ੀ-ਭਾਜੀ ਲੈਣ ਵੀ ਕੱਠੀਆਂ ਹੀ ਜਾਂਦੀਆਂ...

ਸਬਜ਼ੀ-ਭਾਜੀ ਤੋਂ ਯਾਦ ਆਇਆ, ਅੱਜ ਮੈਂ ਭਿੰਡੀ ਬਣਾਉਣੀ ਏ....ਆਕਾਸ਼ ਨੂੰ ਬੜੀ ਪਸੰਦ ਏ.....ਸੋਚਦੀ ਸੀ ਕਿ ਪਹਿਲਾਂ ਰਿੰਕੂ ਨੂੰ ਹੋਮਵਰਕ ਕਰਵਾ ਦਿਆਂ, ਪਰ ਉਹ ਕਿੱਥੇ ਟਿਕ ਕੇ ਬੈਠਦਾ... ਹੁਣ ਵੀ ਸਾਰੇ ਘਰ ਵਿੱਚ ਟੱਪਦਾ ਫਿਰੀ ਜਾਂਦੈ....

ਆਕਾਸ਼ ਕੱਲ੍ਹ ਉਹਦੇ ਲਈ ਨਵੀਂ ਰਿਮੋਟ-ਕੰਟ੍ਰੋਲ ਕਾਰ ਲੈ ਕੇ ਆਏ ਸੀ....ਬੱਸ ਉਹਦੇ ਨਾਲ ਹੀ ਰੁੱਝਿਆ ਪਿਐ..... ਤੇ ਦੀਪੀ ਲਈ ਬੋਲਣ ਵਾਲੀ ਤੇ ਨੱਚਣ ਵਾਲੀ ਗੁੱਡੀ....

ਅੱਜਕੱਲ੍ਹ ਦੇ ਤਾਂ ਖਿਡੌਣੇ ਹੀ ਹੋਰ ਨੇ....ਸਾਡੇ ਵੇਲੇ ਤਾਂ ਘਰੇ ਹੀ ਖਿਡੌਣੇ ਬਣ ਜਾਂਦੇ ਸੀ....ਕੱਪੜੇ ਤੇ ਰੂੰ ਨਾਲ ਗੁੱਡੀਆਂ-ਪਟੋਲੇ ਜਿਹੇ ਬਣਾ ਕੇ ਅਸੀਂ ਕਿੰਨਾ-੨ ਚਿਰ ਖੇਡਦੇ ਨਹੀਂ ਸੀ ਥੱਕਦੇ.... ਅੱਜਕੱਲ੍ਹ ਦੇ ਨਿਆਣੇ ਤਾਂ ਨਿੱਤ-ਨਵੇਂ ਖਿਡੌਣੇ ਭਾਲਦੇ ਆ.....

ਜਦੋਂ ਮੈਂ ਤੇ ਮੇਰੀ ਸਹੇਲੀ ਸੀਮਾ ਛੋਟੇ ਹੋਇਆ ਕਰਦੇ ਸੀ ਤਾਂ ਸਾਡੇ ਕੋਲ ਵੀ ਇੱਕ ਗੁੱਡੀ ਤੇ ਗੁੱਡੇ ਦਾ ਜੋੜਾ ਸੀ.....ਅਸੀਂ ਸਾਰਾ-੨ ਦਿਨ ਉਹਨਾਂ ਲਈ ਨਵੇਂ ਕੱਪੜੇ

ਹੀ ਬਣਾਏ ਜਾਂਦੇ.... ਕੱਪੜੇ ਦੀਆਂ ਕਤਰਨਾਂ ਤੇ ਲੀਰਾਂ ਜਿਹੀਆਂ ਨੂੰ ਮਿਲਾ ਕੇ ਪਤਾ ਨਹੀਂ ਕਿੰਨੇ ਹੀ ਕੱਪੜੇ ਸਿਉਂ ਛੱਡੇ ਸੀ, ਮੈਂ ਤੇ ਸੀਮਾ ਨੇ.....

ਮੈਨੂੰ ਗੁੱਡਾ ਪਸੰਦ ਸੀ ਤਾਂ ਮੈਂ ਗੁੱਡਾ ਰੱਖ ਲਿਆ ਸੀ ਤੇ ਸੀਮਾ ਨੇ ਗੁੱਡੀ..... ਹੁਣ ਵੀ ਦੀਪੀ ਦੀ ਗੁੱਡੀ ਨੂੰ ਵੇਖ ਕੇ ਮੈਨੂੰ ਸੀਮਾ ਦੀ ਗੁੱਡੀ ਦੀ ਯਾਦ ਆ ਗਈ ਏ....ਸੀਮਾ ਨੂੰ ਉਸ ਗੁੱਡੀ ਨਾਲ ਇੰਨਾ ਲਗਾਅ ਸੀ ਕਿ ਉਹ ਆਪਣੇ ਦਹੇਜ ਵਿੱਚ ਗੁੱਡੀ ਤੱਕ ਵੀ ਨਾਲ ਈ ਲੈ ਆਈ ਸੀ....ਅੱਜ ਵੀ ਉਹ ਗੁੱਡੀ ਇਸੇ ਘਰ 'ਚ ਈ ਏ....ਸਟੋਰ ਰੂਮ 'ਚ....

ਹਾਂ, ਸਟੋਰ ਰੂਮ ਤੋਂ ਸਫ਼ਾਈ ਦਾ ਵੀ ਚੇਤਾ ਆ ਗਿਆ.... ਅੱਜ ਤਾਂ ਹੋਣੀ ਨਹੀਂ, ਇਸ ਲਈ ਕੱਲ੍ਹ ਹੀ ਸਫ਼ਾਈ ਕਰਾਂਗੀ.... ਹੁਣ ਪਹਿਲਾਂ ਖਾਣਾ ਬਣਾ ਲਵਾਂ..... ਆਕਾਸ਼ ਵੀ ਆਉਣ ਵਾਲੇ ਹੀ ਹੋਣੇ.... ਮੈਂ ਰੋਟੀ-ਪਾਣੀ ਬਨਾਉਣ 'ਚ ਰੁੱਝ ਗਈ ਹਾਂ ਤੇ ਦੀਪੀ, ਸੀਮਾ ਵਾਂਗ ਆਪਣੀ ਗੁੱਡੀ ਨਾਲ ਖੇਡਣ 'ਚ....

ਕੁੱਝ ਚਿਰ ਪਿੱਛੋਂ ਆਕਾਸ਼ ਵੀ ਆ ਜਾਂਦੇ ਨੇ ਤੇ ਅਸੀਂ ਸਾਰੇ ਜਣੇ 'ਕੱਠੇ ਹੋ ਕੇ ਡਾਈਨਿੰਗ ਟੇਬਲ ਤੇ ਖਾਣਾ ਖਾਂਦੇ ਹਾਂ.... ਆਕਾਸ਼ ਦੱਸਦੇ ਨੇ ਕਿ ਉਨ੍ਹਾਂ ਨੂੰ ਗਿੱਪੀ

ਦਾ ਫ਼ੋਨ ਆਇਆ ਸੀ,ਉਹ ਦੋ-ਚਾਰ ਦਿਨਾਂ 'ਚ ਹੀ ਇੰਡੀਆ ਆ ਰਿਹੈ.... ਗਿੱਪੀ, ਆਕਾਸ਼ ਦਾ ਬਚਪਨ ਦਾ ਦੋਸਤ ਏ,ਦੋਹਾਂ ਵਿੱਚ ਬੜਾ ਪਿਆਰ ਏ.....

ਗਿੱਪੀ ਭਾਂਵੇਂ ਆਸਟ੍ਰੇਲੀਆ ਚਲਾ ਗਿਆ ਏ, ਪਰ ਦੀਵਾਲੀ ਮਨਾਉਣ ਹਰ ਸਾਲ ਉਹ ਇੰਡੀਆ ਆਉਂਦਾ ਏ....ਗਿੱਪੀ ਦੀ ਤਰ੍ਹਾਂ ਆਕਾਸ਼ ਦੇ ਹੋਰ ਵੀ ਦੋ-ਚਾਰ ਦੋਸਤ-ਮਿੱਤਰ ਨੇ, ਜੋ ਹਰ ਸਾਲ ਇੱਥੇ ਮਤਲਬ ਕਿ ਸਾਡੇ ਘਰ ਆ ਕੇ ਦੀਵਾਲੀ ਮਨਾਉਂਦੇ ਨੇ....

ਇਹਨਾਂ ਨਾਲ ਇਹਨਾਂ ਦੇ ਪਰਿਵਾਰ ਵੀ ਹੁੰਦੇ ਨੇ ਤੇ ਦੀਵਾਲੀ ਵਾਲੇ ਦਿਨ ਸਾਡੇ ਘਰ ਚੰਗੀ-ਖ਼ਾਸੀ ਰੌਣਕ ਹੋ ਜਾਂਦੀ ਏ.....ਹੋਰਾਂ ਵਾਂਗ ਆਕਾਸ਼ ਨੂੰ ਸਿਰਫ਼ ਵਧਾਈਆਂ ਤੇ ਤੋਹਫ਼ੇ ਦੇਣ ਤੱਕ ਦੀ ਗੱਲ ਜੱਚਦੀ ਨਹੀਂ, ਇਸ ਲਈ ਉਹ ਹਮੇਸ਼ਾ ਆਪਣੇ ਚਹੇਤਿਆਂ ਤੇ ਯਾਰ-ਦੋਸਤਾਂ ਨੂੰ ਘਰੇ ਹੀ ਸੱਦ ਲੈਂਦੇ ਨੇ.....

ਉਹਨਾਂ ਦੇ ਯਾਰ-ਦੋਸਤ ਜਾਂ ਹੋਰ ਰਿਸ਼ਤੇਦਾਰ ਵੀ ਉਹਨਾਂ ਦਾ ਮਾਣ ਰੱਖਦੇ ਹੋਏ ਹੋਰ ਨਹੀਂ ਤਾਂ ਘੱਟੋ-ਘੱਟ ਇੱਕ-ਅੱਧ ਘੰਟੇ ਲਈ ਸਾਡੇ ਘਰ ਠਹਿਰ ਹੀ ਜਾਂਦੇ ਨੇ....

ਰਾਤ ਦਾ ਖਾਣਾ ਖਾ ਕੇ ਆਕਾਸ਼ ਹੁਣ ਕਮਰੇ 'ਚ ਚਲੇ ਗਏ ਹਨ.... ਦੀਪੀ ਸੌਣ ਚਲੀ ਗਈ ਏ ਤੇ ਮੈਂ ਡ੍ਰਾਇੰਗ ਰੂਮ 'ਚ ਬੈਠੀ ਰਿੰਕੂ ਨੂੰ ਹੋਮ-ਵਰਕ ਕਰਵਾਉਣ ਵਿੱਚ ਰੁੱਝ ਗਈ ਹਾਂ..... ਉਸਨੂੰ ਮੈਂ ਗਿਣਤੀ ਲਿਖ ਕੇ ਦੇ ਦਿੱਤੀ ਏ ਤੇ ਹੁਣ ਉਹ ਮੇਰੀ ਲਿਖੀ ਹੋਈ ਗਿਣਤੀ ਦੀ ਨਕਲ ਕਰਦਾ ਹੋਇਆ ਇਸੇ ਨੂੰ ਚਾਰ-ਪੰਜ ਵਾਰੀ ਦੁਹਰਾ ਕੇ ਲਿਖ ਰਿਹਾ ਏ.....

ਜਦ ਤੱਕ ਉਹ ਆਪਣੀ ਦੁਹਰਾਈ ਕਰਦਾ ਏ, ਮੈਂ ਰਸੋਈ 'ਚ ਜਾ ਕੇ ਭਾਂਡੇ ਮਾਂਜਣ ਤੇ ਸਾਂਭ-ਸੰਭਾਈ ਦਾ ਕੰਮ ਨਬੇੜਣ ਤੁਰ ਜਾਂਦੀ ਹਾਂ ਤੇ ਮੇਰੇ ਆਉਂਦੇ ਨੂੰ ਰਿੰਕੂ ਵੀ ਆਪਣਾ ਸਾਰਾ ਕੰਮ ਮੁਕਾ ਕੇ ਵਿਹਲਾ ਹੋਇਆ ਬੈਠਾ ਹੁੰਦਾ ਏ.....ਬਾਕੀ ਦਾ ਹੋਮ-ਵਰਕ ਕਰਵਾ ਕੇ ਮੈਂ ਰਿੰਕੂ ਨੂੰ ਸਵਾ ਦਿੰਨੀ ਆਂ ਤੇ ਆਪ ਸੌਣ ਲਈ ਕਮਰੇ 'ਚ ਚਲੀ ਜਾਂਨੀ ਆਂ....

ਆਕਾਸ਼ ਸੌਂ ਰਹੇ ਹੁੰਦੇ ਨੇ.....ਮੈਂ ਆਕਾਸ਼ ਵੱਲ ਵੇਖਦੀ ਹਾਂ ਤੇ ਵੇਖਦੇ-੨ ਆਪਣੀਆਂ ਹੀ ਸੋਚਾਂ ਵਿੱਚ ਗੁਆਚ ਜਾਂਨੀ ਹਾਂ..... ਆਕਾਸ਼ ਹਮੇਸ਼ਾ ਮੈਨੂੰ ਖੁਸ਼ ਰੱਖਦੇ ਨੇ....ਮੈਨੂੰ ਕਿਸੇ ਚੀਜ਼ ਲਈ ਇੰਨਕਾਰ ਨਹੀਂ ਕਰਦੇ.... ਜਿੰਨਾ ਸੰਭਵ ਹੋ ਸਕੇ, ਮੇਰੇ ਨਾਲ ਰਹਿੰਦੇ ਨੇ.... ਤੇ ਮੇਰੇ ਨਾਲ ਟਾਈਮ ਵੀ ਬਿਤਾਉਂਦੇ ਨੇ.....

ਮੇਰੀ ਜ਼ਿੰਦਗੀ ਦਾ ਓਹੀਓ ਚਾਨਣ ਨੇ ਤੇ ਮੇਰੇ ਜੀਣ ਦੀ ਵਜ੍ਹਾ ਵੀ.... ਮੇਰੇ ਚਾਅ ਤਾਂ ਕਦ ਦੇ ਮੁੱਕ ਜਾਣੇ ਸਨ, ਪਰ ਆਕਾਸ਼ ਨੇ ਕਦੇ ਮੇਰੇ ਚਾਅ ਨਹੀਂ ਮਰਨ ਦਿੱਤੇ.... ਮੈਂ ਤਾਂ ਕਦ ਦਾ ਟੁੱਟ ਜਾਣਾ ਸੀ, ਪਰ ਆਕਾਸ਼ ਨੇ ਮੈਨੂੰ ਸੰਭਾਲੀ ਰੱਖਿਆ....ਮੈਨੂੰ ਟੁੱਟਣ ਨਹੀਂ ਦਿੱਤਾ ਤੇ ਹਮੇਸ਼ਾ ਆਪਣੇ ਨਾਲ ਜੋੜੀ ਰੱਖਿਆ.....ਇਹ ਰੌਣਕ ਭਰੀਆਂ ਦੀਵਾਲੀਆਂ ਤਾਂ ਉਹਨਾਂ ਦਾ ਇੱਕ ਬਹਾਨਾ ਨੇ, ਮੈਨੂੰ ਖੁਸ਼ ਕਰਨ ਤੇ ਖੁਸ਼ ਰੱਖਣ ਦਾ.... ਮੇਰੀ ਬੀਤੀ ਦੀਵਾਲੀ ਦੀਆਂ ਯਾਦਾਂ ਮਿਟਾਉਣ ਦਾ.... ਉਸ 'ਕਾਲੀ ਦੀਵਾਲੀ' ਦੇ ਮਗਰੋਂ ਜਿੰਨੀਆਂ ਵੀ ਦੀਵਾਲੀਆਂ ਆਈਆਂ, ਆਕਾਸ਼ ਨੇ ਕਦੇ ਮੈਨੂੰ ਉਸ ਕਾਲੀ ਦੀਵਾਲੀ ਦੇ ਅੰਧਕਾਰ 'ਚ ਖੋਣ ਨਹੀਂ ਦਿੱਤਾ.... ਮੇਰੀ ਦੀਵਾਲੀ ਨੂੰ ਹਮੇਸ਼ਾ ਚਾਨਣ ਤੇ ਚਾਅ ਨਾਲ ਭਰੀ ਰੱਖਿਆ, ਜਿਵੇਂ ਮੇਰੀ ਜ਼ਿੰਦਗੀ ਨੂੰ ਚਾਨਣ ਤੇ ਚਾਅ ਨਾਲ ਭਰਿਆ ਹੋਇਆ ਏ.....

ਦੀਵਾਲੀ ਦੀਆਂ ਤਿਆਰੀਆਂ 'ਚ ਇਸੇ ਤਰ੍ਹਾਂ ਕੁੱਝ ਦਿਨ ਬੀਤ ਗਏ ਨੇ.... ਸਾਂਭ-ਸੰਭਾਈ ਤੇ ਸਾਫ਼-ਸਫ਼ਾਈ ਵੀ ਹੋ ਚੱਲੀ ਏ.....ਸਟੋਰ ਰੂਮ ਨੇ ਮੁੜ ਮੇਰੀਆਂ ਯਾਦਾਂ ਨੂੰ ਤਾਜ਼ਾ ਕਰ ਛੱਡਿਆ ਏ....

ਸੀਮਾ ਦੀ ਉਹ ਗੁੱਡੀ, ਜੋ ਅਜੇ ਵੀ ਸਟੋਰ ਰੂਮ 'ਚ ਹੀ ਪਈ ਏ, ਮੁੜ-੨ ਮੈਨੂੰ ਕੁੱਝ ਪੁੱਛਦੀ ਏ....ਪਰ ਉਸਦੇ ਕਿਸੇ ਵੀ ਸਵਾਲ ਦਾ ਮੇਰੇ ਕੋਲ ਕੋਈ ਜਵਾਬ

ਨਹੀਂ.....ਸਟੋਰ ਰੂਮ 'ਚ ਅੱਧੋ-ਵੱਧ ਚੀਜ਼ਾਂ ਸੀਮਾ ਤੇ ਉਸਦੇ ਪਤੀ ਹੈਰੀ ਦੀਆਂ ਹੀ ਹਨ....ਜੋ ਆਪ ਤਾਂ ਇਸ ਘਰ ਤੇ ਇਸ ਦੁਨੀਆਂ 'ਚ ਨਹੀਂ, ਪਰ ਆਪਣੀਆਂ ਚੀਜ਼ਾਂ ਤੇ ਆਪਣੀਆਂ ਯਾਦਾਂ ਨਾਲ ਇਸ ਘਰ 'ਚ ਆਪਣੀ ਇੱਕ ਛਾਪ ਛੱਡ ਗਏ ਨੇ....

ਦੀਵਾਲੀ ਵੀ ਆ ਗਈ.... ਘਰ ਵਿੱਚ ਮੁੜ ਰੌਣਕ ਨੇ ਪਹਿਰਾ ਲਾ ਲਿਆ.... ਰਿਸ਼ਤੇਦਾਰਾਂ, ਵਾਕਫ਼ਾਂ ਤੇ ਦੋਸਤਾਂ-ਮਿੱਤਰਾਂ ਦੀ ਚਹਿਲ-ਪਹਿਲ ਘਰ 'ਚ ਸਾਰਾ ਦਿਨ ਹੀ ਰਹੀ..... ਇਸ ਚਹਿਲ-ਪਹਿਲ ਕਾਰਨ ਮੈਂ ਸਾਰਾ ਦਿਨ ਵਿਅਸਤ ਰਹੀ....ਕਦੇ ਬੱਚਿਆਂ 'ਚ.... ਕਦੇ ਮਹਿਮਾਨਾਂ 'ਚ ਰੁੱਝੀ ਰਹੀ.....

ਪਰ ਬੀਤੀ ਕਿਸੇ ਘਟਨਾ ਨੂੰ ਯਾਦ ਕਰਨ ਲਈ ਬੱਸ ਇੱਕ ਪਲ ਹੀ ਕਾਫ਼ੀ ਹੁੰਦਾ ਏ....ਤੇ ਇਹ ਉਹ ਪਲ ਸੀ, ਜਦ ਮੈਂ ਰਸੋਈ ਤੋਂ ਦੀਵੇ ਲੈਣ ਲਈ ਗਈ... ਉਸ ਰਾਤ ਵੀ ਇਹੀ ਹੋਇਆ ਸੀ....ਉਸ ਦੀਵਾਲੀ ਵਾਲੀ ਰਾਤ.... ਜੋ ਇੱਕ ਕਾਲੀ ਦੀਵਾਲੀ ਦੀ ਰਾਤ ਬਣਕੇ ਮੈਨੂੰ ਅੱਜ ਵੀ ਮੇਰੀ ਨੀਂਦ ਵਿੱਚ ਡਰਾ ਜਾਂਦੀ ਏ....

ਉਸ ਦੀਵਾਲੀ ਵਾਲੀ ਰਾਤ, ਮੈਂ ਤੇ ਮੇਰੀ ਸਹੇਲੀ ਸੀਮਾ ਦੀਵੇ ਲਾਉਣ ਦੀਆਂ ਤਿਆਰੀਆਂ ਕਰ ਰਹੇ ਸੀ....ਸੀਮਾ ਨੇ ਸਾਰੇ ਦੀਵੇ ਤੇਲ ਨਾਲ ਭਰ ਰੱਖੇ ਸੀ.... ਬੱਤੀਆਂ ਵੀ ਸਜਾ ਰੱਖੀਆਂ ਸੀ....ਬੱਸ ਹੁਣ ਇਹਨਾਂ ਨੂੰ ਜਗਾਉਣਾ ਬਾਕੀ ਸੀ....

ਇੰਨੇ ਨੂੰ ਘਰ 'ਚ ਮਹਿਮਾਨਾਂ ਦੀ ਦਸਤਕ ਹੁੰਦੀ ਏ ਤੇ ਸੀਮਾ ਬਾਹਰ ਮਹਿਮਾਨਾਂ ਦੀ ਆਓ-ਭਗਤ 'ਚ ਰੁੱਝ ਜਾਂਦੀ ਏ..... ਇੱਧਰ ਮੈਂ ਅੰਦਰ ਰਸੋਈ 'ਚ ਹਲਵਾ ਬਨਾਉਣ ਦੀ ਤਿਆਰੀ ਕਰ ਰਹੀ ਹੁੰਨੀ ਆਂ.... ਮੈਂ ਗੈਸ ਚਲਾ ਕੇ ਉੱਤੇ ਕੜਾਹੀ ਵੀ ਰੱਖ ਦਿੰਨੀ ਆਂ.... ਪਰ ਲਾਈਟਰ ਨਾਲ ਗੈਸ ਬਾਲ਼ਦੀ ਨਹੀਂ....

ਗੈਸ ਬਾਲਣ ਤੋਂ ਪਹਿਲਾਂ ਹੀ ਮਹਿਮਾਨਾਂ ਦੇ ਆ ਜਾਣ ਕਾਰਨ ਮੇਰਾ ਧਿਆਨ ਵੀ ਉਸ ਪਾਸੇ ਹੀ ਹੋ ਜਾਂਦਾ ਏ....ਕੁੱਝ ਚਿਰ ਪਿੱਛੋਂ ਸੀਮਾ ਦੀਵੇ ਲੈਣ ਲਈ ਰਸੋਈ 'ਚ ਆਉਂਦੀ ਏ.... ਉਸਦੀ ਮਦਦ ਲਈ ਹੈਰੀ ਵੀ ਰਸੋਈ 'ਚ ਚਲਿਆ ਜਾਂਦਾ ਏ.....

ਪਰ ਜਿਵੇਂ ਹੀ ਉਹ ਦੀਵੇ ਨੂੰ ਰੌਸ਼ਨ ਕਰਨ ਲੱਗਦੇ ਹਨ, ਉਹਨਾਂ ਦੀ ਜ਼ਿੰਦਗੀ ਅੰਧਕਾਰ 'ਚ ਡੁੱਬ ਜਾਂਦੀ ਏ..... ਰਸੋਈ 'ਚ ਧਮਾਕਾ ਹੁੰਦਾ ਏ, ਕਿਉਂਕਿ ਮੇਰੀ ਲਾਪਰਵਾਹੀ ਨਾਲ ਗੈਸ ਖੁੱਲ੍ਹੀ ਰਹਿ ਜਾਂਦੀ ਏ ਤੇ ਲੀਕ ਹੁੰਦੀ ਰਹਿੰਦੀ

ਏ.....ਮੇਰੀ ਇਸ ਗਲਤੀ ਦਾ ਖ਼ਮਿਆਜ਼ਾ ਮੇਰੀ ਸਹੇਲੀ ਸੀਮਾ ਤੇ ਮੇਰੇ ਦੇਵਰ ਹੈਰੀ ਨੂੰ ਆਪਣੀ ਜ਼ਿੰਦਗੀ ਗਵਾ ਕੇ ਭੁਗਤਣਾ ਪੈਂਦਾ ਏ.....ਮੈਂ ਆਪਣੀ ਹਰ ਦੀਵਾਲੀ ਸੀਮਾ ਨਾਲ ਬਿਤਾਈ, ਪਰ ਉਹ ਤਾਂ ਆਪਣੀ ਆਖ਼ਿਰੀ ਦੀਵਾਲੀ ਵੀ ਮੇਰੇ ਨਾਲ ਮਨਾ ਕੇ ਗਈ......

www.PunjabiLibrary.com

# ....ਤੇ ਉਹ ਮੁੜ ਨਾ ਆਈ....

ਚਿਰਾਂ ਪਿੱਛੋਂ ਆਪਣੇ ਪਿੰਡ ਗਿਆ ਤਾਂ ਮਾਂ ਨੇ ਤਾਂ ਸਾਰਾ ਘਰ ਹੀ ਸਿਰ ਤੇ ਚੱਕ ਲਿਆ। ਮਾਂ ਨੇ ਸਾਰੇ ਗੁਆਂਢ ਵਿੱਚ ਰੌਲਾ ਪਾ ਦਿੱਤਾ ਕਿ ਉਸਦਾ ਪੁੱਤ ਮੰਗਲ ਸ਼ਹਿਰ ਤੋਂ ਛੁੱਟੀ ਲੈ ਕੇ ਘਰ ਆ ਰਿਹਾ ਏ ਤੇ ਘੱਟੋ-ਘੱਟ ਦਸ-ਬਾਰਾਂ ਦਿਨ ਤਾਂ ਰਹੇਗਾ ਹੀ।

ਜਿੱਥੇ ਮਾਂ ਨੂੰ ਆਪਣੇ ਪੁੱਤ ਦੇ ਚਾਰ ਸਾਲਾਂ ਮਗਰੋਂ ਘਰ ਆਉਣ ਦੀ ਖੁਸ਼ੀ ਸੀ, ਓਥੇ ਸਾਡੇ ਭਾਈਏ ਦੀ ਖੁਸ਼ੀ ਵੀ ਉਸ ਨਾਲੋਂ ਕੋਈ ਵੱਖਰੀ ਨਹੀਂ ਸੀ। ਉਹ ਵੀ ਪਿੰਡ ਦੀ ਸੱਥ ਵਿੱਚ ਬੈਠਾ ਤਾਸ਼ ਖੇਡਦਿਆਂ ਚਾਰ ਬੰਦਿਆਂ ਵਿੱਚ ਮੇਰੀਆਂ ਹੀ ਗੱਲਾਂ ਕਰਦਾ ਰਹਿੰਦਾ ਸੀ।

ਉਹ ਉਹਨਾਂ ਨੂੰ ਮੇਰੇ ਬਚਪਨ ਦੀਆਂ ਸ਼ਰਾਰਤਾਂ ਤੇ ਖੇਡਾਂ ਬਾਰੇ ਪਤਾ ਨਹੀਂ ਕਿੰਨੀ ਕੁ ਵਾਰੀ ਦੱਸ ਚੁੱਕਾ ਸੀ,ਪਰ ਜਦ ਵੀ ਉਹਨਾਂ ਨੂੰ ਮਿਲਦਾ,ਖ਼ੌਰੇ ਇਹ ਗੱਲ ਭੁੱਲ ਹੀ ਜਾਂਦਾ ਹੋਵੇਗਾ ਕਿ ਇਹ ਗੱਲਾਂ ਉਹ ਉਹਨਾਂ ਨੂੰ ਛੱਤੀ ਵਾਰ ਸੁਣਾ ਚੁੱਕਾ ਹੈ।

ਪਿੰਡ ਵਾਲੇ ਵੀ ਬਿਨਾਂ ਕੁੱਝ ਮੂੰਹੋਂ ਕਹੇ ਉਸਦੀਆਂ ਗੱਲਾਂ ਸੁਣਦੇ ਰਹਿੰਦੇ। ਉਹ ਵੀ ਜਾਣਦੇ ਸਨ ਕਿ ਇਹ ਤਾਂ ਇੱਕ ਪਿਤਾ ਦੀ ਆਪਣੇ ਪੁੱਤਰ ਦੇ ਆਉਣ ਦੀ ਉਡੀਕ ਹੈ,ਜੋ ਉਸਨੂੰ ਬਦੋ-ਬਦੀ ਉਤਸ਼ਾਹਿਤ ਕਰਦੀ ਜਾਂਦੀ ਹੈ।

ਮੇਰੀ ਭੈਣ ਨੂੰ ਮੇਰੇ ਘਰ ਆਉਣ ਦਾ ਵੱਖਰਾ ਹੀ ਚਾਅ ਚੜ੍ਹਿਆ ਹੋਇਆ ਸੀ। ਉਹ ਵੀ ਆਪਣੀਆਂ ਸਹੇਲੀਆਂ ਨੂੰ ਕਹਿੰਦੀ ਨਹੀਂ ਸੀ ਥੱਕਦੀ ਕਿ ਛੇਤੀ ਹੀ ਉਸਦਾ ਸੋਹਣਾ ਵੀਰ ਆਉਣ ਵਾਲਾ ਹੈ।

ਮੰਗਲਵਾਰ ਦੀ ਰਾਤ ਮੈਂ ਘਰ ਪਰਤਿਆ। ਮੈਨੂੰ ਦੇਖ ਸਾਰਿਆਂ ਨੂੰ ਬਹੁਤ ਖੁਸ਼ੀ ਹੋਈ। ਰਾਤ ਦੇ ਰੋਟੀ-ਟੁੱਕ ਪਿੱਛੋਂ ਮਾਂ ਮੇਰੇ ਕੋਲ ਆ ਕੇ ਬੈਠ ਗਈ ਤੇ ਮੇਰੇ ਨਾਲ ਕਿੰਨਾ ਹੀ ਚਿਰ ਗੱਲਾਂ ਕਰਦੀ ਰਹੀ। ਉਹ ਆਪਣੀਆਂ ਗੱਲਾਂ ਵਿੱਚ ਐਨੀ ਕੁ ਰੁੱਝੀ ਹੋਈ ਸੀ ਕਿ ਉਸਨੂੰ ਮੇਰੇ ਸੌਂ ਜਾਣ ਦਾ ਵੀ ਪਤਾ ਨਹੀਂ ਸੀ ਲੱਗਾ।

ਅਗਲੇ ਦਿਨ ਸਾਝਰੇ ਹੀ ਮੈਂ ਭਾਈਆ ਜੀ ਨਾਲ ਖੇਤਾਂ ਵੱਲ ਤੁਰ ਪਿਆ। ਭਾਈਆ ਮੇਰੇ ਨਾਲ ਖੇਤਾਂ ਦੀਆਂ, ਪਿੰਡ ਦੀਆਂ ਤੇ ਹੋਰ ਪਤਾ ਨਹੀਂ ਕਿਹੜੀਆਂ-ਕਿਹੜੀਆਂ ਗੱਲਾਂ ਕਿੰਨੇ ਹੀ ਚਿਰ ਤੋਂ ਕਰੀ ਜਾ ਰਿਹਾ ਸੀ,ਪਰ ਮੇਰਾ ਉਸਦੀਆਂ ਗੱਲਾਂ ਵੱਲ

ਉੱਕਾ ਹੀ ਧਿਆਨ ਨਹੀਂ ਸੀ, ਬਲਕਿ ਮੈਂ ਤਾਂ ਆਪਣੇ ਹੀ ਖਿਆਲਾਂ ਵਿੱਚ ਕਿਧਰੇ ਖੋਇਆ ਹੋਇਆ ਸਾਂ।

ਮੇਰੀ ਬੇ- ਧਿਆਨਗੀ ਨੂੰ ਭਾਂਪਦਿਆਂ ਉਸਨੇ ਵੀ ਗੱਲ ਬੰਦ ਕਰ ਦਿੱਤੀ ਤੇ ਮੈਨੂੰ ਤਾਂ ਇਸ ਗੱਲ ਦਾ ਵੀ ਪਤਾ ਨਹੀਂ ਸੀ ਲੱਗਿਆ ਕਿ ਉਹ ਬੋਲਣੋਂ ਹੱਟ ਗਿਆ ਹੈ।

ਮੇਰਾ ਮੋਢਾ ਜਿਹਾ ਹਲੂਣਦਿਆਂ ਉਸਨੇ ਕਿਹਾ," ਕੀ ਗੱਲ ਮੰਗਿਆ,ਸਭ ਠੀਕ ਤਾਂ ਹੈ.....! ਨਾਲੇ ਕੀ ਪਿਆ ਸੋਚੀ ਜਾਨੈਂ.....? ਜੇ ਕੋਈ ਗੱਲ ਹੈ ਤਾਂ ਮੈਨੂੰ ਦੱਸ....ਐਵੇਂ ਬੇ- ਧਿਆਨਾ ਜਾ ਕਿਵੇਂ ਫਿਰੀ ਜਾਨੈਂ.......!"

ਮੈਂ ,"ਬੱਸ,ਕੁੱਝ ਖ਼ਾਸ ਨ੍ਹੀ.....,"ਕਹਿ ਕੇ ਗੱਲ ਮੁਕਾਉਣ ਦੀ ਕੋਸ਼ਿਸ਼ ਕੀਤੀ। ਘਰ ਆ ਕੇ ਮੈਂ ਸਭਤੋਂ ਪਹਿਲਾਂ ਆਪਣੇ ਚੁਬਾਰੇ ਤੇ ਗਿਆ। ਮੇਰਾ ਅਸਲ ਵਿੱਚ ਇਹੀ ਕਮਰਾ ਸੀ। ਛੋਟੇ ਹੁੰਦਿਆਂ ਵੀ ਮੈਂ ਅਕਸਰ ਖੇਡਣ-ਮੱਲਣ ਪਿੱਛੋਂ ਰਾਤ ਨੂੰ ਆਪਣੇ ਚੁਬਾਰੇ ਵਿੱਚ ਆ ਕੇ ਲਾਲਟੈਨ ਦੀ ਰੌਸ਼ਨੀ ਵਿੱਚ ਕਿਤਾਬਾਂ ਪੜ੍ਹਿਆ ਕਰਦਾ ਸੀ।

ਮੈਨੂੰ ਕਿਤਾਬਾਂ ਪੜ੍ਹਨ ਦਾ ਬਥੇਰਾ ਚਾਅ ਸੀ। ਅਸਲ ਵਿੱਚ ਛੋਟੇ ਹੁੰਦਿਆਂ ਸਿੱਮੋ ਨਾਂ ਦੀ ਮੇਰੀ ਇੱਕ ਦੋਸਤ ਵੀ ਸੀ। ਉਹ ਮੈਨੂੰ ਬੇਹੱਦ ਚੰਗੀ ਲੱਗਦੀ ਸੀ। ਉਹ

ਮੇਰੇ ਨਾਲ ਗਲ਼ੀ ਵਿੱਚ ਵੀ ਖੇਡਦੀ ਸੀ ਤੇ ਜੇ ਮੈਂ ਖੇਡਣ ਨਾ ਆਵਾਂ ਤਾਂ ਸਾਡੇ ਘਰ ਵੀ ਆ ਜਾਇਆ ਕਰਦੀ ਸੀ। ਉਸਦੀ ਮਾਂ ਉਸਨੂੰ ਸ਼ੁਦੈਣ ਆਖ ਕੇ ਸੱਦਿਆ ਕਰਦੀ।

ਓਦਾਂ ਸਿੱਮੋ ਵਿੱਚ ਸ਼ੁਦੈਂਣਾਂ ਵਾਲੀ ਤਾਂ ਕੋਈ ਗੱਲ ਨਹੀਂ ਸੀ,ਉਹ ਸੋਹਣੀ ਵੀ ਬਥੇਰੀ ਸੀ ਤੇ ਉਂਝ ਵੀ ਸਿਆਣੀ ਸੀ। ਖ਼ੌਰੇ ਉਸਦੀ ਬੇਬੇ ਉਸਨੂੰ ਪਿਆਰ ਨਾਲ ਹੀ ਇਸ ਨਾਂ ਤੋਂ ਸੱਦਿਆ ਕਰਦੀ ਹੋਵੇਗੀ।

ਸਿੱਮੋ ਨੂੰ ਵੀ ਕਿਤਾਬਾਂ ਪੜ੍ਹਨ ਦਾ ਬਹੁਤ ਸ਼ੌਕ ਸੀ। ਜਦ ਵੀ ਉਹ ਮੈਨੂੰ ਕੋਈ ਕਿਤਾਬ ਪੜ੍ਹਦੇ ਵੇਖਿਆ ਕਰਦੀ ਤਾਂ ਅਕਸਰ ਪੁੱਛਦੀ," ਮੰਗਿਆ,ਕੀ ਪੜ੍ਹੀ ਜਾਨੈਂ...... ਵੱਡਾ ਹੋ ਕੇ ਅਫ਼ਸਰ ਲੱਗਣਾ ਐ ਕੀ.....!" ਉਸਦੀ ਇਹ ਗੱਲ ਮੈਨੂੰ ਬੜੀ ਚੰਗੀ ਲੱਗਦੀ। ਓਦਾਂ ਵੀ ਮੈਨੂੰ ਉਸਦੀਆਂ ਗੱਲਾਂ ਬੜੀਆਂ ਸੁਆਦਲੀਆਂ ਜਾਪਦੀਆਂ ਸਨ।

ਉਸਦੀ ਗੱਲ ਦਾ ਜਵਾਬ ਮੈਂ ਜ਼ਰਾ ਮਜ਼ਾਕੀਏ ਲਹਿਜ਼ੇ ਵਿੱਚ ਦਿੰਦਾ," ਆਹੋ ਸ਼ੁਦੈਣੇ, ਮੈਂ ਤਾਂ ਪੜ੍ਹ-ਲਿਖ ਕੇ ਵੱਡਾ ਹੋ ਕੇ ਵੱਡਾ ਅਫ਼ਸਰ ਬਣ ਜੂ...ਤੂੰ ਰਹੀਂ ਸ਼ੁਦੈਂਣ ਦੀ ਸ਼ੁਦੈਂਣ.......!" ਮੇਰੀ ਇਸ ਗੱਲ ਤੇ ਉਹ ਬੜਾ ਖਿੱਝਦੀ ਤੇ ਫਿਰ ਮੇਰੀ ਹੀ

ਕਿਤਾਬ ਮੇਰੇ ਹੱਥੋਂ ਖੋਹ ਕੇ ਮੈਨੂੰ ਮਾਰਨ ਲਈ ਮਗਰੇ ਹੀ ਦੌੜ ਪੈਂਦੀ। ਮੈਨੂੰ ਉਸ ਨਾਲ ਇਹ ਸਭ ਸ਼ਰਾਰਤਾਂ ਬੜੀਆਂ ਚੰਗੀਆਂ ਲੱਗਦੀਆਂ।

ਸਿੱਮੋ ਮੁਸਲਮਾਨ ਪਰਿਵਾਰ ਤੋਂ ਸੀ। ਉਸਦੀ ਮਾਂ ਜ਼ਰੀਨਾ ਬੜੇ ਅਡ੍ਹਬ ਸੁਭਾਅ ਦੀ ਸੀ।ਵੈਸੇ ਤਾਂ ਉਹ ਸਿੱਮੋ ਨੂੰ ਬਾਹਰ ਘੱਟ ਹੀ ਆਉਣ-ਜਾਣ ਦਿੰਦੀ,ਪਰ ਸਾਡੇ ਘਰ ਆਉਣ ਤੋਂ ਉਹ ਸਿੱਮੋ ਨੂੰ ਕੋਈ ਬਹੁਤਾ ਨਹੀਂ ਸੀ ਰੋਕਦੀ। ਕਿਉਂਕਿ ਮੇਰੀ ਮਾਂ ਜਗੀਰੋ ਤੇ ਸਿੱਮੋ ਦੀ ਮਾਂ ਜ਼ਰੀਨਾ ਕਾਫ਼ੀ ਚੰਗੀਆਂ ਸਹੇਲੀਆਂ ਬਣ ਗਈਆਂ ਸਨ। ਸਿੱਮੋ ਵੀ ਮੇਰੀ ਮਾਂ ਨੂੰ ਮਾਸੀ ਕਹਿ ਕੇ ਹੀ ਸੱਦਿਆ ਕਰਦੀ ਸੀ।

ਕੁੱਝ ਚਿਰ ਪਿੱਛੋਂ ਮੇਰੇ ਘਰ ਦਿਆਂ ਨੇ ਮੈਨੂੰ ਸ਼ਹਿਰ ਪੜ੍ਹਨ ਲਈ ਭੇਜ ਦਿੱਤਾ। ਜਿਸ ਦਿਨ ਮੈਂ ਸ਼ਹਿਰ ਜਾਣਾ ਸੀ ,ਉਸਤੋਂ ਕੁੱਝ ਦਿਨ ਪਹਿਲਾਂ ਹੀ ਇਹ ਗੱਲ ਮੈਂ ਸਿੱਮੋ ਨੂੰ ਦੱਸ ਚੁੱਕਾ ਸੀ। ਉਹ ਵਿਚਾਰੀ ਤਾਂ ਇਹੀ ਸਮਝਦੀ ਸੀ ਕਿ ਮੈਂ ਸ਼ਹਿਰ ਪੜ੍ਹ ਕੇ ਮੁੜ ਵਾਪਿਸ ਪਿੰਡ ਪਰਤ ਆਵਾਂਗਾ। ਪਰ ਮੇਰੇ ਘਰ ਦੇ ਨਾ ਕੇਵਲ ਮੈਨੂੰ ਪੜ੍ਹਨ ਲਈ ਭੇਜ ਰਹੇ ਸਨ,ਬਲਕਿ ਕੰਮ ਕਰਨ ਲਈ ਵੀ ਭੇਜ ਰਹੇ ਸਨ।

ਹੁਣ ਮੈਂ ਸ਼ਹਿਰ ਚਲਿਆ ਗਿਆ ਤੇ ਕਦੇ-ਕਦਾਈਂ ਹੀ ਪਿੰਡ ਆਇਆ ਕਰਦਾ ਸੀ। ਪਰ ਮੈਂ ਜਦ ਵੀ ਪਿੰਡ ਆਉਂਦਾ,ਮੈਂ ਸਿੱਮੋ ਨੂੰ ਜ਼ਰੂਰ ਮਿਲਦਾ। ਇਸ ਵਾਰੀ

ਪਿੰਡ ਆਇਆ, ਪਤਾ ਲੱਗਾ ਕਿ ਸਿੱਮੋ ਦਾ ਵਿਆਹ ਧਰ ਦਿੱਤਾ ਗਿਆ ਹੈ। ਆਉਂਦੇ ਜੁੰਮੇ ਨੂੰ ਓਹਦਾ ਨਿਗਾਹ ਹੈ। ਉਸਦੇ ਵਿਆਹ ਹੋਣ ਤੋਂ ਪਹਿਲਾਂ ਮੈਂ ਇੱਕ ਵਾਰੀ ਉਸਨੂੰ ਮਿਲਣਾ ਚਾਹੁੰਦਾ ਸੀ।

ਉਂਝ ਤਾਂ ਹਰ ਵਾਰੀ ਉਹ ਮੇਰੇ ਘਰ ਆਉਣ ਦੀ ਗੱਲ ਸੁਣਦੇ ਸਾਰ ਹੀ ਮੈਨੂੰ ਮਿਲਣ ਆ ਜਾਇਆ ਕਰਦੀ ਸੀ।ਪਰ ਇਸ ਵਾਰੀ ਮੈਨੂੰ ਘਰ ਆਏ ਨੂੰ ਤਾਂ ਕਈ ਦਿਨ ਬੀਤ ਗਏ ਸਨ,ਪਰ ਸਿੱਮੋ ਨਹੀਂ ਸੀ ਆਈ।

ਜਿਸ ਦਿਨ ਉਸਦਾ ਨਿਗਾਹ ਸੀ, ਉਸੇ ਦਿਨ ਮੈਂ ਵਾਪਿਸ ਪਰਤਣਾ ਸੀ। ਮੈਂ ਆਪ ਤਾਂ ਉਸਦੇ ਘਰ ਨਹੀਂ ਸਾਂ ਜਾ ਸਕਦਾ, ਪਰ ਮੈਂ ਸਿੱਮੋ ਦੀ ਸਹੇਲੀ ਹੱਥ ਉਸ ਕੋਲ ਇਹ ਸੁਨੇਹਾ ਭਿਜਵਾ ਦਿੱਤਾ ਸੀ ਕਿ ਉਹ ਮੈਨੂੰ ਜਲਦ ਹੀ ਮਿਲਣ ਆ ਜਾਵੇ। ਕਿਉਂਕਿ ਇਸ ਪਿੱਛੋਂ ਪਤਾ ਨਹੀਂ ਫਿਰ ਅਸੀਂ ਕਦੇ ਮਿਲਣਾ ਵੀ ਸੀ ਜਾਂ ਨਹੀਂ।

ਮੈਂ ਚਿਰ ਰਾਤ ਤੱਕ ਉਸਦੀ ਉਡੀਕ ਕਰਦਾ ਰਿਹਾ।ਉਸਦਾ ਨਿਗਾਹ ਵੀ ਹੋ ਗਿਆ ਤੇ ਉਹ ਆਪਣੇ ਘਰ ਚਲੀ ਗਈ। ਪਰ ਉਹ ਮੈਨੂੰ ਮਿਲਣ ਨਾ ਆਈ।

ਉਹ ਮੇਰੀ ਬਹੁਤ ਚੰਗੀ ਦੋਸਤ ਸੀ। ਜਿਸ ਨਾਲ ਮੈਂ ਖੇਡਿਆ ਕਰਦਾ ਸਾਂ, ਲੜਦਾ-ਝਗੜਦਾ ਵੀ ਸਾਂ।ਪਰ ਉਹ ਮੈਨੂੰ ਬਹੁਤ ਚੰਗੀ ਲੱਗਦੀ ਸੀ।ਉਸਦੀਆਂ ਗੱਲਾਂ ਵੀ ਮੈਨੂੰ ਬਹੁਤ ਚੰਗੀਆਂ ਲੱਗਦੀਆਂ ਸਨ।

ਮੈਂ ਚਾਹੁੰਦਾ ਸਾਂ ਕਿ ਉਸਦੇ ਆਪਣੇ ਘਰ ਜਾਣ ਤੋਂ ਪਹਿਲਾਂ ਮੈਂ ਇਕ ਵਾਰੀ ਉਸ ਨਾਲ ਮਿਲ ਪਾਉਂਦਾ। ਉਸਨੂੰ ਵੀ ਕਿਤਾਬਾਂ ਬੇਹੱਦ ਚੰਗੀਆਂ ਲੱਗਦੀਆਂ ਸਨ ਤੇ ਮੈਂ ਉਸਨੂੰ ਆਖ਼ਰੀ ਵਾਰ ਮਿਲ ਕੇ ਇਹ ਕਿਤਾਬਾਂ ਦੇਣੀਆਂ ਚਾਹੁੰਦਾ ਸਾਂ।

ਉਹ ਮੈਨੂੰ ਅਫ਼ਸਰ ਲੱਗਿਆ ਦੇਖਣਾ ਚਾਹੁੰਦੀ ਸੀ। ਮੈਂ ਅਫ਼ਸਰ ਬਣਿਆ ਵੀ ;ਬੱਸ ਉਸਨੂੰ ਦੱਸ ਹੀ ਨਾ ਪਾਇਆ। ਨਾ ਤਾਂ ਫਿਰ ਅੱਜ ਤੱਕ ਮੈਂ ਉਸਨੂੰ ਦੇਖ ਪਾਇਆ ਜਾਂ ਮਿਲ ਪਾਇਆ ਤੇ ਨਾ ਹੀ ਉਹ। ਇਸ ਪਿੱਛੋਂ ਉਹ ਮੁੜ ਕਦੇ ਨਾ ਆਈ।

www.PunjabiLibrary.com

# .....ਪੀਲੇ ਪੱਤੇ......

ਅੱਜ ਫੇਰ ਤੋਂ ਇਸ ਉਜਾੜ ਜਿਹੀ ਥਾਂ ਤੇ ਆ ਕੇ ਬਹਿ ਗਈ ਹਾਂ.... ਜਿੱਥੇ ਮੈਂਥੋਂ ਸਿਵਾ ਕੋਈ ਆਉਂਦਾ-ਜਾਂਦਾ ਨਹੀਂ.. .ਓਹੀ ਬੈਂਚ, ਜਿਸਨੂੰ ਜੰਗ ਲੱਗੇ ਨੂੰ ਸਾਲਾਂ ਦੇ ਸਾਲ ਬੀਤ ਗਏ ਨੇ.... ਜੰਗ ਇਸਦੇ ਚਿੱਟੇ ਪੇਂਟ ਨੂੰ ਤਾਂ ਕਦ ਦਾ ਖਾ ਚੁੱਕਾ ਏ ਤੇ ਹੁਣ ਇਹ ਬੈਂਚ ਆਪਣਾ ਅਸਤਿਤਵ ਵੀ ਖੋਦਾਂ ਜਾ ਰਿਹਾ ਏ....

ਇਸ ਉਜਾੜ ਜਿਹੀ ਥਾਂ ਤੇ ਤਾਂ ਹੁਣ ਘਾਹ ਨੇ ਵੀ ਉੱਗਣਾ ਬੰਦ ਕਰ ਦਿੱਤਾ ਏ.....ਕਦੇ ਸਮਾਂ ਸੀ, ਜਦ ਇਹ ਥਾਂ ਵੀ ਆਬਾਦ ਹੋਇਆ ਕਰਦੀ ਸੀ....ਇੱਥੇ ਵੀ ਹਰਿਆਲੀ ਹੁੰਦੀ ਸੀ.... ਰੁੱਖਾਂ ਦੀ ਸੋਹਣੀ ਕਤਾਰ ਹੁੰਦੀ ਸੀ....ਬਹੁਤ ਸਾਰੇ ਬੈਂਚ ਪਏ ਸਨ ਇੱਥੇ.... ਪੰਛੀ ਰੁੱਖਾਂ ਦੀਆਂ ਟਾਹਣੀਆਂ ਤੇ ਬੈਠੇ ਜਦ ਚਹਿਚਹਾਉਂਦੇ, ਆਪਣੀ ਮਿੱਠੀ ਬੋਲੀ 'ਚ ਗਾਉਂਦੇ ਤਾਂ ਵਾਤਾਵਰਨ ਸੁਰਮਈ ਹੋ ਜਾਂਦਾ.....

ਬਰਸਾਤ ਦੇ ਦਿਨਾਂ 'ਚ ਜਦ ਰੋਜ਼ ਈ ਮੀਂਹ ਦੀ ਝੜੀ ਲੱਗੀ ਰਹਿੰਦੀ ਤਾਂ ਇਸ ਥਾਂ ਦੀ ਧਰਤੀ ਹਰੇ ਰੰਗ ਨਾਲ ਢੱਕੀ ਜਾਂਦੀ... ਗੋਡਿਆਂ ਤੱਕ ਝਾੜੀਆਂ ਹੋ

ਜਾਂਦੀਆਂ ਤੇ ਘਾਹ 'ਚ ਤਾਂ ਤੁਰਦੇ ਹੋਏ ਜਿਵੇਂ ਪੈਰ ਗੁਆਚ ਹੀ ਜਾਂਦੇ... ਫਿਜ਼ਾ ਨਮੀ ਨਾਲ ਭਰੀ ਰਹਿੰਦੀ..... ਦਰੱਖਤਾਂ ਦੇ ਪੱਤਿਆਂ ਤੋਂ ਟਪਕਦਾ ਪਾਣੀ ਮਨਮੋਹਣਾ ਦ੍ਰਿਸ਼ ਚਿੱਤਰਦਾ.....

ਜਦ ਬਸੰਤ ਆਉਂਦੀ ਤਾਂ ਇਸ ਥਾਂ ਤੇ ਰੱਬ ਦੀ ਬਣਾਈ ਸੋਹਣੀ ਕੁਦਰਤ ਤੇ ਕਲਾ ਦੇ ਹੀ ਦੀਦਾਰ ਹੁੰਦੇ..... ਇਸ ਥਾਂ ਨੂੰ ਵੇਖ ਕੇ ਲੱਗਦਾ ਜਿਵੇਂ ਧਰਤੀ ਤੇ ਹੀ ਜੰਨਤ ਉਤਰ ਆਈ ਹੋਵੇ.... ਝਾੜੀਆਂ ਸਿਰਫ ਝਾੜੀਆਂ ਨਾ ਰਹਿੰਦੀਆਂ, ਸਗੋਂ ਫੁੱਲਾਂ ਨਾਲ ਲਬਰੇਜ਼ ਝਾੜੀਆਂ ਇਓਂ ਲੱਗਦੀਆਂ ਜਿਵੇਂ ਰੱਬ ਨੇ ਇੱਕੋ ਥਾਂ ਕਈ ਰੰਗ ਭਰਨ ਦੀ ਕੋਸ਼ਿਸ਼ ਕੀਤੀ ਹੋਵੇ.....

ਫੇਰ ਇਹਨਾਂ ਫੁੱਲਾਂ ਤੇ ਮੰਡਰਾਉਂਦੀਆਂ ਤਿਤਲੀਆਂ ਇਸ ਪੂਰੀ ਥਾਂ ਨੂੰ ਹੀ ਜਿਵੇਂ ਸਜੀਵ ਕਰ ਛੱਡਦੀਆਂ.... ਆਲਾ-ਦੁਆਲਾ ਰੰਗਾਂ ਨਾਲ ਸਜਿਆ ਹੁੰਦਾ, ਖੁਸ਼ਬੋਆਂ ਨਾਲ ਮਹਿਕਿਆ ਹੁੰਦਾ ਤੇ ਇਸ ਥਾਂ ਤੇ ਵੀ ਲੋਕਾਂ ਦੀ ਆਬਾਦੀ ਹੁੰਦੀ, ਜੋ ਸਵੇਰੇ-ਸ਼ਾਮ ਇੱਥੇ ਖੁੱਲ੍ਹੇ ਵਾਤਾਵਰਨ ਦਾ ਆਨੰਦ ਲੈਣ ਆਇਆ ਕਰਦੇ....

ਇਹ ਉਜਾੜ ਜਿਹੀ ਥਾਂ ਕਿਸੇ ਵੇਲੇ ਇੱਕ ਪਾਰਕ ਸੀ...ਜਿੱਥੇ ਬੱਚੇ ਖੇਡਣ ਵੀ ਆਇਆ ਕਰਦੇ ਸਨ, ਨੌਜਵਾਨ ਤੇ ਬਜ਼ੁਰਗ ਸੈਰ ਕਰਨ ਵੀ ਆਇਆ ਕਰਦੇ ਸਨ ਤੇ ਪ੍ਰੇਮੀ-ਜੋੜੇ ਵਕਤ-ਬੇਵਕਤ ਬੈਠਣ ਵੀ.....

ਗਰਮੀਆਂ ਵੇਲੇ ਇੱਥੇ ਦੇ ਨਜ਼ਾਰੇ ਵੱਖਰੇ ਹੀ ਹੁੰਦੇ.... ਤੇ ਸਰਦੀਆਂ ਵੇਲੇ ਵੱਖਰੇ.... ਗਰਮੀਆਂ ਵੇਲੇ ਦਰੱਖ਼ਤ ਜਿਵੇਂ ਚੜ੍ਹੀ ਜਵਾਨੀ ਵਰਗੇ ਦਿੱਸਦੇ.... ਹਰੇ-ਭਰੇ ਤੇ ਖੁਸ਼.... ਸਰਦੀਆਂ ਵੇਲੇ ਦਰੱਖ਼ਤ ਚਿੱਟੀ ਬਰਫ਼ ਨਾਲ ਢਕੇ ਜਾਂਦੇ... ਧਰਤੀ ਵੀ ਸਫ਼ੇਦ ਰੰਗ ਵਿੱਚ ਰੰਗੀ ਜਾਂਦੀ ਤੇ ਸਰਦ ਹਵਾਵਾਂ ਵਾਤਾਵਰਨ ਨੂੰ ਠੰਡਾ ਕਰੀ ਰੱਖਦੀਆਂ....

ਸਰਦੀਆਂ ਵਿੱਚ ਭਾਵੇਂ ਪਾਰਕ ਵਿੱਚ ਘੱਟ ਹੀ ਚਹਿਲ-ਪਹਿਲ ਹੁੰਦੀ, ਪਰ ਜਿਸ ਦਿਨ ਮੌਸਮ ਸਾਫ਼ ਹੁੰਦਾ, ਧੁੱਪ ਨਿਕਲੀ ਹੁੰਦੀ, ਤਾਂ ਲੋਕਾਂ ਦੀ ਆਬਾਦੀ ਵੀ ਆਪਣੇ-੨ ਘਰੋਂ ਨਿਕਲ ਆਉਂਦੀ ਤੇ ਮੁੜ ਇਸ ਥਾਂ ਨੂੰ ਆਬਾਦ ਕਰ ਦਿੰਦੀ.... ਪਰ ਹੁਣ ਇੱਥੇ ਨਾ ਬਸੰਤ ਆਉਂਦੀ ਏ, ਨਾ ਬਰਸਾਤ.... ਇੱਥੇ ਸਿਰਫ਼ ਪੱਤਝੜ ਆਉਂਦੀ ਏ....ਹੁਣ ਇਹ ਥਾਂ ਆਬਾਦ ਨਹੀਂ, ਹੁਣ ਇਹ ਉਜਾੜ ਬਣ ਗਈ ਏ.....

ਗਰਮੀਆਂ ਤੇ ਸਰਦੀਆਂ ਤਾਂ ਓਵੇਂ ਹੀ ਪੈਂਦੀਆਂ ਨੇ, ਪਰ ਹੁਣ ਇਹ ਥਾਂ ਉਹੋ ਜਿਹੇ ਨਜ਼ਾਰੇ ਨਹੀਂ ਪੇਸ਼ ਕਰਦੀ.... ਸਰਦੀਆਂ 'ਚ ਓਵੇਂ ਹੀ ਬਰਫ਼ ਪੈਂਦੀ ਏ....ਓਵੇਂ ਹੀ ਧੁੱਪ ਨਿਕਲਦੀ ਏ, ਪਰ ਹੁਣ ਇਹ ਥਾਂ ਲੋਕਾਂ ਨੂੰ ਆਪਣੇ ਘਰ ਵਿੱਚੋਂ ਨਿਕਲਣ ਲਈ ਮਜ਼ਬੂਰ ਨਹੀਂ ਕਰਦੀ... ਹੁਣ ਇਹ ਥਾਂ ਪਹਿਲਾਂ ਵਰਗੀ ਨਹੀਂ ਰਹੀ... ਹੁਣ ਇੱਥੇ ਉਹ ਬਸੰਤ ਨਹੀਂ ਆਉਂਦੀ, ਜਿਸਦੀ ਉਡੀਕ ਹਰ ਇੱਕ ਨੂੰ ਰਹਿੰਦੀ ਸੀ....

ਹੁਣ ਇਹ ਥਾਂ ਕਿਸੇ ਨੂੰ ਆਪਣੇ ਵੱਲ ਨਹੀਂ ਬੁਲਾਉਂਦੀ.... ਝਾੜੀਆਂ ਤਾਂ ਹੁਣ ਵੀ ਉੱਗਦੀਆਂ ਨੇ, ਪਰ ਝਾੜੀਆਂ ਤੇ ਹੁਣ ਉਹ ਸੋਹਣੇ ਤੇ ਖੁਸ਼ਬੋਦਾਰ ਫੁੱਲ ਨਹੀਂ ਉੱਗਦੇ... ਹੁਣ ਫੁੱਲ ਨਹੀਂ ਉੱਗਦੇ ਤਾਂ ਤਿਤਲੀਆਂ ਵੀ ਨਹੀਂ ਆਉਂਦੀਆਂ... ਤਿਤਲੀਆਂ ਵੀ ਹੁਣ ਇਸ ਥਾਂ ਤੋਂ ਮੂੰਹ ਮੋੜ੍ਹ ਗਈਆਂ ਨੇ.....

ਜਿਹੜੇ ਪੰਛੀ ਦਰੱਖਤਾਂ ਦੀਆਂ ਟਾਹਣੀਆਂ ਤੇ ਬੈਠੇ ਕੋਈ ਗੀਤ ਗਾ ਰਹੇ ਹੁੰਦੇ, ਹੁਣ ਉਹ ਪੰਛੀ ਵੀ ਇੱਥੇ ਆ ਕੇ ਰਾਜ਼ੀ ਨਹੀਂ... ਇਹ ਥਾਂ ਵੀਰਾਨ ਹੋ ਚੱਲੀ ਏ ਤੇ ਇੱਥੇ ਹੁਣ ਸਿਰਫ਼ ਰਾਤ ਵੇਲੇ ਉੱਲੂ ਬੋਲਦੇ ਨੇ.... ਹੁਣ ਇਸ ਥਾਂ ਤੇ ਕੋਈ ਚਹਿਲ-ਪਹਿਲ ਨਹੀਂ ਰਹੀ, ਹੁਣ ਇਸ ਥਾਂ ਤੇ ਕੋਈ ਆਉਂਦਾ-ਜਾਂਦਾ ਨਹੀਂ....

ਕੋਈ ਇਸ ਥਾਂ ਤੇ ਰੁੱਕਣਾ ਪਸੰਦ ਨਹੀਂ ਕਰਦਾ..... ਕੋਈ ਇਸ ਥਾਂ ਨੂੰ ਤੱਕਣਾ ਵੀ ਪਸੰਦ ਨਹੀਂ ਕਰਦਾ.... ਇਹ ਥਾਂ ਅੱਜ ਵੀ ਲੋਕਾਂ ਨੂੰ ਬੁਲਾ ਰਹੀ ਏ....ਆਖ ਰਹੀ ਏ ਕਿ ਉਹ ਮੁੜ ਆਉਣ ਤਾਂ ਜੋ ਇਹ ਥਾਂ ਮੁੜ੍ਹ ਤੋਂ ਆਬਾਦ ਹੋ ਸਕੇ....ਪਰ ਕੋਈ ਇਸ ਥਾਂ ਤੇ ਆਉਂਦਾ ਨਹੀਂ.... ਕੋਈ ਇਸ ਥਾਂ ਦੀ ਪੁਕਾਰ ਨਹੀਂ ਸੁਣਦਾ.....

ਲੋਕ ਇਸ ਥਾਂ ਨੂੰ ਵੇਖ ਕੇ ਵੀ ਅਣਵੇਖਿਆ ਕਰ ਜਾਂਦੇ ਨੇ ਤੇ ਅੱਗੇ ਲੰਘ ਜਾਂਦੇ ਨੇ.... ਹੁਣ ਇਸ ਥਾਂ ਤੇ ਕੋਈ ਹਰਿਆਲੀ ਨਹੀਂ.... ਰੁੱਖਾਂ ਦੀ ਸੋਹਣੀ ਕਤਾਰ ਨਹੀਂ.... ਧਰਤੀ ਤੇ ਉੱਗਿਆ ਘਾਹ ਬੱਸ ਇੱਕ ਉੱਚਾਈ ਤੇ ਆ ਕੇ ਰੁੱਕ ਜਾਂਦਾ ਏ ਤੇ ਕਿਤੇ-੨ ਤਾਂ ਘਾਹ ਫੁੱਟਦਾ ਹੀ ਨਹੀਂ..... ਹੁਣ ਇਸ ਥਾਂ ਤੇ ਸਿਰਫ਼ ਇੱਕੋ ਬੈਂਚ ਏ ਤੇ ਉਹ ਵੀ ਖ਼ਸਤਾ ਹਾਲਤ ਵਿੱਚ.....

ਇਹ ਥਾਂ ਸੱਚਮੁੱਚ ਹੀ ਉਜਾੜ ਬਣ ਚੁੱਕੀ ਏ.....ਹੁਣ ਇੱਥੇ ਦੇ ਦਰੱਖਤ ਪਹਿਲਾਂ ਵਰਗੇ ਨਹੀਂ ਰਹੇ.... ਰੁੱਖ ਵੀ ਜਿਵੇਂ ਉੱਜੜ ਗਏ ਹੋਣ.... ਇਸ ਥਾਂ ਤੇ ਸਿਰਫ਼ ਇੱਕੋ ਰੁੱਤ ਦਾ ਪਹਿਰਾ ਏ....ਉਹ ਏ ਪੱਤਝੜ ਦੀ ਰੁੱਤ....ਹੁਣ ਦਰੱਖਤਾਂ ਦੀਆਂ ਪੱਤੀਆਂ ਤੋਂ ਟਪਕਦਾ ਪਾਣੀ ਮਨਮੋਹਣਾ ਦ੍ਰਿਸ਼ ਨਹੀਂ ਚਿੱਤਰਦਾ..... ਹੁਣ ਤਾਂ ਇੱਦਾਂ ਲੱਗਦੇ ਜਿਵੇਂ ਬਰਸਾਤ 'ਚ ਵੀ ਰੁੱਖ ਰੋ ਰਹੇ ਹੋਣ....

ਪਰ ਇਹ ਥਾਂ ਉਜਾੜ ਹੋ ਕੇ ਵੀ ਮੇਰੀ ਉਦਾਸੀ ਦੂਰ ਕਰਦੀ ਏ ਤੇ ਮੈਂ ਇਸ ਥਾਂ ਤੇ ਆ ਕੇ ਇਸ ਥਾਂ ਦਾ ਇਕੱਲਾਪਣ..... ਮੈਂ ਇਸ ਥਾਂ ਦੀ ਪੁਕਾਰ ਸੁਣ ਕੇ ਰੋ ਪੈਨੀਂ ਹਾਂ ਤੇ ਇਸ ਥਾਂ ਦੀ ਧਰਤੀ ਨੂੰ ਆਪਣੇ ਹੰਝੂਆਂ ਨਾਲ ਨਮ ਕਰਨ ਦੀ ਕੋਸ਼ਿਸ਼ ਕਰਦੀ ਹਾਂ....ਤੇ ਇਸ ਥਾਂ ਦੇ ਦਰੱਖਤ ਆਪਣੇ ਪੀਲੇ ਪੱਤੇ ਕੇਰ ਕੇ ਮੈਨੂੰ ਇਸ ਉਜਾੜ ਥਾਂ ਤੇ ਵੀ ਹਲਚਲ ਹੋਣ ਦਾ ਭਰਮ ਪਾਉਂਦੇ ਨੇ....

www.PunjabiLibrary.com

## .....ਮੁਥਾਜ.....

ਪਿਆਰ ਮੈਨੂੰ ਵੀ ਸੀ ਤੇ ਪਿਆਰ ਤਾਂ ਉਹਨੂੰ ਵੀ ਹੋਇਆ ਸੀ, ਪਰ ਮੇਰੇ ਨਾਲ ਨਹੀਂ.... ਤਾਹੀਂਓ ਤਾਂ ਮੈਂ ਮੁਥਾਜ ਰਹਿ ਗਿਆ..... ਪਿਆਰ ਦਾ ਮੁਥਾਜ..... ਦਿਲ ਵੀ ਸੀ ਤੇ ਇਸ਼ਕ ਵੀ ਸੀ....ਪਰ ਕਿਸਮਤ ਨਹੀਂ ਸੀ ਮੇਰੀ..... ਮੇਰੀ ਕਿਸਮਤ ਕਿਸੇ ਹੋਰ ਦੀ ਕਿਸਮਤ ਬਣ ਗਈ ਤੇ ਮੈਂ ਮੁਥਾਜ ਰਹਿ ਗਿਆ......ਹਾਂ, ਮੈਂ ਉਸਤੋਂ ਵੀ ਮੁਥਾਜ ਰਹਿ ਗਿਆ....ਉਹ ਅਮੀਰ ਸੀ, ਦੌਲਤਮੰਦ ਸੀ.....ਦੁਨੀਆਂ ਦੀ ਹਰ ਸ਼ੈਅ ਉਸਦੇ ਕਦਮਾਂ 'ਚ ਸੀ..... ਪਰ ਮੈਂ ਵੀ ਤਾਂ ਗਰੀਬ ਨਹੀਂ ਸੀ.... ਮੇਰੇ ਕੋਲ ਵੀ ਦੇਣ ਲਈ ਪਿਆਰ ਸੀ ਤੇ ਲੈਣ ਲਈ ਇੱਕ ਵੱਡੀ ਖੁੱਲ੍ਹੀ ਥਾਂ..... ਪਰ ਫਿਰ ਵੀ ਮੈਂ ਮੁਥਾਜ ਰਹਿ ਗਿਆ.... ਮੈਂ ਗਰੀਬ ਦਾ ਗਰੀਬ ਹੀ ਰਹਿ ਗਿਆ..... ਮੈਂ ਕਦੇ ਅਮੀਰ ਨਹੀਂ ਬਣ ਸਕਿਆ..... ਮੈਂ ਕਦੇ ਸ਼ੈਆਂ ਦਾ ਮਾਲਕ ਨਹੀਂ ਬਣ ਸਕਿਆ....ਸ਼ੈਆਂ ਨੇ ਤਾਂ ਕੀ ਮੇਰੇ ਕਦਮਾਂ 'ਚ ਆਉਣਾ ਸੀ, ਮੈਂ ਤਾਂ ਕਿਸੇ ਦੇ ਕਦਮਾਂ 'ਚ ਆਉਣ ਜੋਗਾ ਵੀ ਨਾ ਰਿਹਾ.... ਮੈਂ ਤਾਂ ਲੋਕਾਂ ਦਾ ਹਮਦਰਦ ਬਣਨਾ ਚਾਹੁੰਦਾ ਸੀ, ਪਰ ਮੈਂ ਕਿਸੇ ਦਾ ਹਮਦਰਦ ਨਹੀਂ ਬਣ ਸਕਿਆ, ਸਗੋਂ ਲੋਕਾਂ ਦੀ ਹਮਦਰਦੀ ਦਾ ਵੀ ਮੁਥਾਜ ਰਹਿ ਗਿਆ.... ਮੈਂ ਲੋਕਾਂ ਨੂੰ ਸਮਝਣਾ ਚਾਹੁੰਦਾ ਸੀ....ਉਨ੍ਹਾਂ ਨੂੰ ਆਪਣੇ ਬਾਰੇ ਸਮਝਾਉਣਾ ਚਾਹੁੰਦਾ ਸੀ, ਪਰ ਮੇਰੀ ਗੱਲ

ਕੋਈ ਨਹੀਂ ਸੀ ਸੁਣਦਾ.... ਕੋਈ ਮੇਰੇ ਨਾਲ ਨਹੀਂ ਸੀ ਬਹਿੰਦਾ.... ਕੋਈ ਨਾਲ ਨਹੀਂ ਸੀ ਰਹਿੰਦਾ.... ਲੋਕ ਮੈਨੂੰ ਆਪਣਾ ਨਹੀਂ ਸਨ ਕਹਿੰਦੇ....ਮੇਰਾ ਆਪਣਾ ਕੋਈ ਨਹੀਂ ਬਣਿਆ....ਮੈਂ ਤਾਂ ਆਪਣਿਆਂ ਤੋਂ ਵੀ ਮੁਥਾਜ ਰਹਿ ਗਿਆ.... ਰਾਹਗੀਰ ਤਾਂ ਕਈ ਲੰਘੇ, ਮੇਰੇ ਰਾਹਾਂ ਤੋਂ, ਪਰ ਉਹਨਾਂ ਕਦੇ ਮੈਨੂੰ ਨਾਲ ਲੈ ਕੇ ਚੱਲਣਾ ਸਹੀ ਨਹੀਂ ਸਮਝਿਆ.... ਰਾਹਗੀਰ ਤਾਂ ਰਾਹ ਤੋਂ ਗੁਜ਼ਰਦੇ ਗਏ ਤੇ ਮੈਂ ਉੱਥੇ ਹੀ ਖੜਾ ਰਿਹਾ ਇਕੱਲਾ.... ਬੇਬੱਸ ਤੇ ਉਦਾਸ..... ਮੈਨੂੰ ਨਾ ਤਾਂ ਕਿਸੇ ਨੇ ਰਾਹ ਦਿੱਤਾ ਤੇ ਨਾ ਹੀ ਰਾਹ ਦੱਸਿਆ.....ਮੈਂ ਤਾਂ ਲੋਕਾਂ ਦੇ ਰਾਹ ਦਾ ਉਹ ਰੋੜਾ ਬਣਿਆ ਰਿਹਾ, ਜੋ ਲੋਕਾਂ ਦੀ ਇੱਕ ਨਜ਼ਰ ਦਾ ਵੀ ਮੁਥਾਜ ਬਣਿਆ ਰਿਹਾ..... ਬੱਸ ਚੁੱਪ-ਚਾਪ ਇੱਕੋ ਥਾਂ ਤੇ ਪਿਆ ਰਿਹਾ ਤੇ ਆਉਂਦੇ-ਜਾਂਦੇ ਲੋਕਾਂ ਦੇ ਠੇਡੇ ਖਾਂਦਾ ਰਿਹਾ.....ਮੇਰੇ ਪੰਖ ਤਾਂ ਉੱਡਣ ਲਈ ਸਨ..... ਉੱਚੀਆਂ ਉਡਾਰੀਆਂ ਭਰਨ ਲਈ.... ਪਰ ਮੈਂ ਆਕਾਸ਼ ਤੋਂ ਹੀ ਥੱਲ੍ਹੇ ਗਿਰਾ ਦਿੱਤਾ ਗਿਆ ਤੇ ਮੈਨੂੰ ਧੱਕਾ ਮਾਰਨ ਵਾਲੇ ਵੀ ਮੇਰੇ ਆਪਣੇ ਹੀ ਨਿਕਲੇ.... ਜ਼ਿੰਦਗੀ 'ਚ ਹਰ ਇੱਕ ਨੂੰ ਮੌਕੇ ਮਿਲਦੇ ਹਨ, ਕੁੱਝ ਨਵਾਂ ਕਰਨ ਦੇ...ਕੁੱਝ ਨਵਾਂ ਸਿਰਜਣ ਦੇ.... ਜਾਂ ਕੁੱਝ ਵਿਗੜਿਆ ਸੁਧਾਰਨ ਦੇ.....ਪਰ ਮੇਰੀ ਜ਼ਿੰਦਗੀ 'ਚ ਤਾਂ ਮੈਂ ਮੌਕਿਆਂ ਦਾ ਵੀ ਮੁਥਾਜ ਰਿਹਾ.... ਨਾ ਤਾਂ ਆਪਣੀ ਜ਼ਿੰਦਗੀ ਨੂੰ ਚੰਗੀ ਤਰ੍ਹਾਂ ਜੀਅ ਪਾਇਆ.... ਨਾ ਹੀ ਆਪਣੀ

ਜ਼ਿੰਦਗੀ ਨੂੰ ਕਿਸੇ ਦੇ ਲੇਖੇ ਲਾ ਪਾਇਆ.....ਨਾ ਜ਼ਿੰਦਗੀ ਨੂੰ ਰੁਸ਼ਨਾ ਪਾਇਆ.... ਨਾ ਕਿਸੇ ਦੀ ਜ਼ਿੰਦਗੀ ਵਿੱਚ ਰੰਗ ਭਰ ਪਾਇਆ.... ਵਿਗਾੜਦਾ ਰਿਹਾ ਮੈਂ ਸਭ ਕੁੱਝ ਤੇ ਵਿਗਾੜਦਾ ਰਿਹਾ ਮੈਂ ਸਭ ਨਾਲ.... ਪਰ ਵਿਗਾੜ ਕੇ ਮੈਂ ਸਭ ਮੁੜ੍ਹ ਉਸਨੂੰ ਸੁਧਾਰ ਨਹੀਂ ਪਾਇਆ.... ਗ਼ਲਤੀਆਂ ਸਭ ਤੋਂ ਹੁੰਦੀਆਂ ਨੇ ਤੇ ਗ਼ਲਤੀਆਂ ਦੇ ਸਿੱਟੇ ਵੀ ਸਭ ਨੂੰ ਭੁਗਤਣੇ ਪੈਂਦੇ ਨੇ.... ਪਰ ਨਾ ਕੇਵਲ ਮੈਨੂੰ ਆਪਣੀਆਂ ਗਲਤੀਆਂ ਦੇ ਹੀ ਸਿੱਟੇ ਭੁਗਤਣੇ ਪਏ, ਸਗੋਂ ਉਹਨਾਂ ਗੱਲਾਂ ਦੇ ਵੀ ਸਿੱਟੇ ਭੁਗਤਣੇ ਪੈ ਗਏ, ਜੋ ਗ਼ਲਤੀਆਂ ਨਹੀਂ ਸਨ...ਪਰ ਕੁੱਝ ਗ਼ਲਤੀਆਂ ਸਨ.... ਜੋ ਮੇਰੀਆਂ ਨਹੀਂ ਸਨ, ਸਗੋਂ ਹੋਰਾਂ ਦੀਆਂ ਸਨ... ਉਹ ਤਾਂ ਆਪਣੀਆਂ ਗਲਤੀਆਂ ਦੇ ਭੁਗਤਾਨ ਤੋਂ ਬੱਚ ਨਿਕਲੇ, ਪਰ ਸਾਰਾ ਦੋਸ਼ ਮੇਰੇ ਮੱਥੇ ਮੜ੍ਹ ਗਏ.... ਰੰਗ-ਤਮਾਸ਼ਿਆਂ ਦੇ ਇਸ ਸੰਸਾਰ 'ਚ ਮੈਂ ਇੱਕ ਤਮਾਸ਼ਾ ਬਣ ਕੇ ਹੀ ਰਹਿ ਗਿਆ..... ਲੋਕਾਂ ਦੀ ਜ਼ਿੰਦਗੀ ਰੰਗਾਂ ਨਾਲ ਭਰੀ ਰਹੀ ਤੇ ਮੇਰੀ ਤਮਾਸ਼ਿਆਂ ਭਰੀ..... ਮੇਰੀ ਜ਼ਿੰਦਗੀ 'ਚ ਸਿਰਫ ਤਮਾਸ਼ੇ ਹੀ ਰਹੇ ਤੇ ਮੈਂ....ਰੰਗਾਂ ਦਾ ਮੁਥਾਜ ਰਿਹਾ.....ਸੱਚਮੁੱਚ ਮੈਂ ਆਪਣੀ ਜ਼ਿੰਦਗੀ 'ਚ ਹਰ ਚੀਜ਼ ਦਾ ਹੀ ਮੁਥਾਜ ਰਿਹਾ ਹਾਂ.... ਜਦੋਂ ਪੈਦਾ ਹੋਇਆ ਤਾਂ ਮਾਂ ਮਰ ਗਈ....ਮੈਂ ਮਾਂ ਦੇ ਪਿਆਰ ਦਾ ਸਾਰੀ ਜ਼ਿੰਦਗੀ ਹੀ ਮੁਥਾਜ ਰਿਹਾ....ਪਿਓ ਨੇ ਵੀ ਮੈਨੂੰ ਇਸੇ ਲਈ ਛੱਡ ਦਿੱਤਾ ਕਿ ਮੈਂ

ਬਦਨਸੀਬ ਹਾਂ, ਜੋ ਪੈਦਾ ਹੁੰਦੇ ਹੀ ਆਪਣੀ ਮਾਂ ਨੂੰ ਖਾ ਗਿਆ.....ਮੈਨੂੰ ਇੱਕ ਸੁੰਨਸਾਨ ਜਿਹੀ ਸੜਕ ਤੇ 'ਕੱਲਾ ਛੱਡ ਕੇ ਉਹ ਕਿਧਰੇ ਦੂਰ ਚਲਾ ਗਿਆ ਤੇ ਮੁੜ ਕਦੇ ਮੈਨੂੰ ਲੈਣ ਵੀ ਨਹੀਂ ਆਇਆ.... ਸੜਕ ਦੇ ਰਾਹਗੀਰ ਆਉਂਦੇ-ਜਾਂਦੇ ਮੈਨੂੰ ਠੇਡੇ ਮਾਰਦੇ ਰਹੇ ਤੇ ਮੈਂ ਚੁੱਪ-ਚਾਪ ਉੱਥੇ ਹੀ ਪਿਆ ਰਿਹਾ.... ਇੱਕ ਗਰੀਬ ਜਿਹਾ ਇਨਸਾਨ ਮੈਨੂੰ ਚੁੱਕ ਕੇ ਨਾਲ ਲੈ ਆਇਆ,ਆਪਣੇ ਘਰ....ਤੇ ਉਸ ਪਲ ਤੋਂ ਹੀ ਉਹ ਮੇਰਾ ਬਾਪ ਬਣ ਗਿਆ.... ਉਹ ਤਾਂ ਆਪ 'ਕੱਲਾ ਸੀ ਤੇ ਮੈਂ ਆਪ.... ਇਸ ਲਈ ਇੱਕ-ਦੂਜੇ ਦਾ ਸਹਾਰਾ ਬਣਦੇ ਰਹੇ .....ਕੁੱਝ ਵੱਡਾ ਹੋਇਆ ਤਾਂ ਆਪਣੇ ਬਾਪ ਨਾਲ ਉਸਦੇ ਕੰਮ 'ਚ ਹੱਥ ਵਟਾਉਣ ਲੱਗਾ..... ਉਹ ਕਿਸੇ ਦੁਕਾਨ ਤੇ ਕੰਮ ਕਰਦਾ ਸੀ ਸਾਫ਼-ਸਫ਼ਾਈ ਦਾ.... ਤੇ ਇੱਕ ਦਿਨ ਮੈਂ ਵੀ ਉਸਦੇ ਨਾਲ ਚਲਿਆ ਗਿਆ.... ਰੱਬ ਜਾਣੈ ਉਹ ਕਿਹੜਾ ਗਾਹਕ ਸੀ ਜੋ ਦੁਕਾਨ ਤੋਂ ਚੋਰਿਓਂ ਸਮਾਨ ਲੈ ਗਿਆ ਤੇ ਦੋਸ਼ ਸਾਰਾ ਮੇਰੇ ਸਿਰ ਪੈ ਗਿਆ.....ਦੁਕਾਨ ਦੇ ਮਾਲਕ ਨੇ ਨਾ ਮੇਰੀ ਸੁਣੀ, ਨਾ ਮੇਰੇ ਬਾਪ ਦੀ....ਤੇ ਸਾਨੂੰ ਦੋਹਾਂ ਨੂੰ ਹੀ ਕੰਮ ਤੋਂ ਕੱਢ ਦਿੱਤਾ.... ਮੈਂ ਕੋਈ ਚੋਰ ਨਹੀਂ ਸੀ, ਬਲਕਿ ਮੈਂ ਤਾਂ ਨਿਰਦੋਸ਼ ਸੀ.... ਪਰ ਬਦਨਸੀਬ ਵੀ....ਤਾਹੀਂ ਤਾਂ ਮੈਂ ਕਿਸੇ ਨੂੰ ਸਮਝਾ ਨਹੀਂ ਪਾਇਆ.... ਨਾ ਤਾਂ ਆਪਣੇ ਬਾਪ ਨੂੰ ਤੇ ਨਾ ਹੀ ਦੁਕਾਨ ਦੇ ਮਾਲਕ ਨੂੰ.... ਮੇਰੇ ਬਾਪ ਨੇ ਵੀ ਮੇਰੇ ਨਾਲ ਚੰਗੀ ਕੀਤੀ

ਜੋ ਮੈਨੂੰ ਘਰ 'ਚੋਂ ਹੀ ਕੱਢ ਦਿੱਤਾ.....ਮੈਂ ਤਾਂ ਉਸਦਾ ਸਹਾਰਾ ਬਣਨਾ ਸੀ, ਉਸਦਾ ਹਮਦਰਦ ਬਣਨਾ ਸੀ, ਪਰ ਉਸਨੂੰ ਮੇਰੇ ਤੇ ਰਤਾ ਵੀ ਦਇਆ ਨਹੀਂ ਆਈ.... ਉਸਨੇ ਤਾਂ ਸਗੋਂ ਮੈਨੂੰ ਰੋਲ ਕੇ ਮੇਰਾ ਬਚਪਨ ਵੀ ਖੋਹ ਲਿਆ....ਤੇ ਅੱਗੋਂ ਜਵਾਨੀ ਵੀ.... ਮੈਂ ਇੱਕ ਰੈਸਟੋਰੈਂਟ ਤੇ ਕੰਮ ਕਰਨ ਲੱਗ ਗਿਆ.... ਪਹਿਲਾਂ ਵੇਟਰ ਦਾ ਕੰਮ ਕਰਦਾ ਰਿਹਾ ਤੇ ਫਿਰ ਹੌਲੀ-੨ ਮੈਂ ਖਾਣਾ ਪਕਾਉਣਾ ਵੀ ਸਿੱਖ ਲਿਆ.... ਮੇਰੇ ਹੱਥਾਂ ਵਿੱਚ ਕੋਈ ਜਾਦੂ ਸੀ ਜਾਂ ਨਹੀਂ, ਪਰ ਗਾਹਕ ਰੈਸਟੋਰੈਂਟ ਤੋਂ ਖੁਸ਼ ਹੋ ਕੇ ਜਾਂਦੇ ਰਹੇ.... ਆਪਣੇ ਕੰਮ ਨਾਲ ਮੈਨੂੰ ਇੰਨੀ ਕੁ ਕਮਾਈ ਹੋਣ ਲੱਗ ਪਈ ਕਿ ਮੈਂ ਇੱਕ ਘਰ ਵੀ ਖਰੀਦ ਲਿਆ ਤੇ ਉਸ ਵਿੱਚ ਕੁੱਝ ਨਿੱਕ-ਸੁੱਕ ਜਿਹਾ ਵੀ ਰੱਖ ਲਿਆ.... ਬਹੁਤੀਆਂ ਸ਼ੈਆਂ ਦੀ ਮੈਨੂੰ ਲੋੜ ਕੋਈ ਨਹੀਂ ਸੀ..... ਇਸ ਲਈ ਮੈਂ ਕਮਰੇ ਭਰਨ ਨਾਲੋਂ ਰਸੋਈ 'ਚ ਹੀ ਸਮਾਨ ਲਿਆ ਰੱਖਿਆ ਕਰਦਾ.... ਜਿਵੇਂ ਭਾਂਡੇ, ਮਸਾਲੇ ਤੇ ਹੋਰ ਨਿੱਕ-ਸੁੱਕ ਆਦਿ.... ਘਰ ਵਿੱਚ ਵੀ ਮੇਰਾ ਬਹੁਤਾ ਸਮਾਂ ਰਸੋਈ 'ਚ ਹੀ ਬਤੀਤ ਹੁੰਦਾ ਤੇ ਮੈਂ ਨਿੱਤ ਕੁੱਝ ਨਵਾਂ ਬਣਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ.... ਰੈਸਟੋਰੈਂਟ ਦੇ ਮਾਲਕ ਦੀ ਇੱਕ ਕੁੜੀ ਵੀ ਸੀ, ਜਿਸਦਾ ਨਾਮ ਸੀ ਸਨੇਹਾ.... ਉਹ ਮੈਨੂੰ ਬਹੁਤ ਸੋਹਣੀ ਲੱਗਦੀ ਸੀ.....ਮੈਂ ਉਸਨੂੰ ਵੇਖਦਾ ਰਹਿੰਦਾ ਸੀ ਤੇ ਉਸ ਦੀ ਵੀ ਤੱਕਣੀ ਮੇਰੇ ਵੱਲ ਇਹੋ ਜਿਹੀ ਸੀ ਜਿਵੇਂ ਮੇਰੀਆਂ

ਗੱਲਾਂ ਦਾ ਹੁੰਗਾਰਾ ਭਰ ਰਹੀ ਹੋਵੇ..... ਮੈਂ ਉਸਨੂੰ ਆਪਣੇ ਘਰ ਵਿੱਚ ਸੁਖੀ ਰੱਖ ਸਕਦਾ ਸੀ ਤੇ ਮੇਰੇ ਕੋਲ ਉਸਨੂੰ ਦੇਣ ਲਈ ਅਥਾਹ ਪਿਆਰ ਵੀ ਸੀ....ਪਰ ਉਹ ਮੇਰੀ ਕਿਸਮਤ ਬਣਨ ਤੋਂ ਪਹਿਲਾਂ ਹੀ ਹੋਰ ਦੀ ਕਿਸਮਤ ਬਣ ਕੇ ਉਸਦੇ ਨਾਲ ਤੁਰ ਗਈ....ਉਸਨੂੰ ਵੀ ਮੇਰੇ ਨਾਲ ਪਿਆਰ ਸੀ ਤੇ ਉਹ ਆਪ ਵੀ ਮੇਰੇ ਨਾਲ ਰਹਿਣਾ ਚਾਹੁੰਦੀ ਸੀ ,ਪਰ ਉਸਦੇ ਬਾਪ ਨੇ ਉਸ ਲਈ ਕੋਈ ਅਮੀਰ ਸ਼ਹਿਜ਼ਾਦਾ ਪਹਿਲਾਂ ਹੀ ਟੋਲ ਰੱਖਿਆ ਸੀ ਤੇ ਮੈਂ ਇੰਨੇ ਜੋਗਾ ਨਹੀਂ ਸੀ ਕਿ ਉਸ ਅਮੀਰ ਸ਼ਹਿਜ਼ਾਦੇ ਦੀ ਕਿਸੇ ਪੱਖੋਂ ਵੀ ਬਰਾਬਰੀ ਕਰ ਪਾਉਂਦਾ.... ਰੈਸਟੋਰੈਂਟ ਵਿੱਚ ਮੇਰਾ ਜੀਅ ਲੱਗਿਆ ਰਹਿੰਦਾ ਸੀ, ਪਰ ਜੀਅ ਲਗਾਉਣ ਵਾਲੀ ਤਾਂ ਹੁਣ ਚਲੀ ਗਈ ਸੀ.....ਇਸ ਲਈ ਮੈਂ ਵੀ ਰੈਸਟੋਰੈਂਟ ਛੱਡ ਦਿੱਤਾ..... ਮੈਂ ਆਪਣਾ ਇੱਕ ਛੋਟਾ ਜਿਹਾ ਢਾਬਾ ਖੋਲ੍ਹ ਲਿਆ ਤੇ ਉੱਥੇ ਕੰਮ ਕਰਨ ਲੱਗਾ..... ਇੱਕ ਦਿਨ ਢਾਬੇ ਵਿੱਚ ਇੱਕ ਕੁੜੀ ਆਈ... ਮੈਂ ਉਸਨੂੰ ਪਸੰਦ ਆ ਗਿਆ ਤੇ ਦੋ-ਚਾਰ ਮੁਲਾਕਾਤਾਂ ਵਿੱਚ ਹੀ ਸਾਡੀ ਗੱਲ ਵਿਆਹ ਤੱਕ ਅੱਪੜ ਗਈ....ਵਿਆਹ ਵੀ ਹੋ ਗਿਆ ਤੇ ਉਹ ਮੇਰੇ ਨਾਲ ਢਾਬੇ ਵਿੱਚ ਕੰਮ ਕਰਾਉਣ ਲੱਗ ਪਈ....ਪਰ ਇੱਕ ਹਾਦਸੇ ਵਿੱਚ ਮੇਰਾ ਸਭ ਕੁੱਝ ਉੱਜੜ ਗਿਆ.... ਢਾਬੇ 'ਚ ਅੱਗ ਲੱਗ ਜਾਣ ਕਰਕੇ ਢਾਬਾ ਵੀ ਗਿਆ ਤੇ ਮੇਰੀ ਹਮਸਫ਼ਰ ਵੀ.....ਹੁਣ ਮੇਰੇ ਕੋਲ ਕੁੱਝ ਵੀ ਨਹੀਂ ਹੈ.... ਮੈਂ ਘਰ

ਵੀ ਛੱਡ ਦਿੱਤਾ ਹੈ.... ਮੇਰੇ ਕੋਲ ਆਪਣਾ ਕੋਈ ਨਹੀਂ.....ਮੇਰੇ ਕੋਲ ਆ ਕੇ ਕੋਈ ਨਹੀਂ ਬਹਿੰਦਾ.... ਮੇਰੇ ਨਾਲ ਕੋਈ ਗੱਲ ਨਹੀਂ ਕਰਦਾ..... ਮੈਂ ਰੋਜ਼ ਗੁਰੂ-ਘਰ ਜਾਂਦਾ ਹਾਂ ਤੇ ਰੱਬ ਤੋਂ ਆਪਣੀ ਮੁਥਾਜੀ ਦਾ ਕਾਰਨ ਪੁੱਛਦਾ ਹਾਂ..... ਪਰ ਰੱਬ ਮੇਰੇ ਸਵਾਲਾਂ ਦਾ ਕੋਈ ਜਵਾਬ ਨਹੀਂ ਦਿੰਦਾ.... ਮੈਂ ਦਿਨ ਵੀ ਇੱਥੇ ਹੀ ਗੁਜ਼ਾਰਦਾ ਹਾਂ ਤੇ ਰਾਤ ਨੂੰ ਵੀ ਇੱਥੇ ਹੀ ਸੌਂ ਜਾਂਦਾ ਹਾਂ......

www.PunjabiLibrary.com

## ......ਅਣਸੀਤੇ ਜ਼ਖ਼ਮ......

ਉਹ ਮੈਨੂੰ ਘੱਟ, ਮੇਰੇ ਜਿਸਮ ਨੂੰ ਵੱਧ ਚਾਹੁੰਦਾ ਸੀ....ਤਾਹੀਂਓ ਤਾਂ ਮੇਰੀ ਮਜ਼ਬੂਰੀ ਦਾ ਫ਼ਾਇਦਾ ਉਠਾ ਗਿਆ ਤੇ ਮੈਨੂੰ ਉਮਰ ਭਰ ਲਈ ਜ਼ਖ਼ਮ ਦੇ ਗਿਆ..... ਅਜਿਹੇ ਜ਼ਖ਼ਮ, ਜੋ ਕਦੇ ਸੀਤੇ ਹੀ ਨਾ ਗਏ.....ਕਦੇ ਠੀਕ ਹੀ ਨਾ ਹੋਏ..... ਨਾ ਹੀ ਇਹਨਾਂ ਜ਼ਖ਼ਮਾਂ ਨੂੰ ਕਦੇ ਮੱਲ੍ਹਮ ਮਿਲੀ..... ਤੇ ਨਾ ਹੀ ਇਹਨਾਂ ਜ਼ਖ਼ਮਾਂ ਨੂੰ ਕੋਈ ਮੱਲ੍ਹਮ ਲਗਾਉਣ ਵਾਲਾ.... ਇਹ ਜ਼ਖ਼ਮ ਅਣਸੀਤੇ ਹੀ ਰਹੇ ਤੇ ਰਿਸਦੇ ਰਹੇ.... ਮੇਰੇ ਪਤੀ ਨੇ ਮੈਨੂੰ ਏਸ ਲਈ ਛੱਡ ਦਿੱਤਾ ਸੀ ਕਿ ਮੈਂ ਉਸਨੂੰ ਔਲਾਦ ਨਹੀਂ ਸੀ ਦੇ ਪਾ ਰਹੀ.... ਪਰ ਕਮੀ ਮੇਰੇ ਵਿੱਚ ਨਹੀਂ, ਕਮੀ ਤਾਂ ਉਹਦੇ ਵਿੱਚ ਸੀ ਤੇ ਉਹ ਮੰਨਣ ਤੋਂ ਹੀ ਮੁਨਕਰ ਸੀ....ਤੇ ਇਹ ਮੇਰੇ ਪਤੀ ਦਾ ਦੋਸਤ ਜਾਵੇਦ..... ਇੱਕੋ ਦਫ਼ਤਰ ਵਿੱਚ ਦੋਵੇਂ ਕੰਮ ਕਰਦੇ ਸਨ ਤੇ ਇੱਕ-ਦੂਜੇ ਦੇ ਘਰ ਵੀ ਆਉਂਦੇ-ਜਾਂਦੇ ਸਨ....ਮੇਰੇ ਪਤੀ ਫ਼ਰਹਾਨ ਦਾ ਇਹ ਦੋਸਤ ਜਾਵੇਦ, ਜਦ ਵੀ ਸਾਡੇ ਘਰ ਆਉਂਦਾ, ਮੈਨੂੰ ਇੱਦਾਂ ਤੱਕਦਾ ਜਿਵੇਂ ਆਪਣੀਆਂ ਭੁੱਖੀਆਂ ਨਜ਼ਰਾਂ ਨਾਲ ਹੀ ਮੈਨੂੰ ਖਾ ਜਾਣਾ ਚਾਹੁੰਦਾ ਹੋਵੇ..... ਪਰ ਮੈਂ ਇਸ ਕਰਕੇ ਚੁੱਪ ਵੱਟੀ ਰੱਖਦੀ ਕਿ ਜਾਵੇਦ ਮੇਰੇ ਪਤੀ ਦਾ ਦੋਸਤ ਏ ਤੇ ਮੇਰੇ ਪਤੀ ਨੂੰ ਉਸ 'ਤੇ ਆਪਣੇ ਨਾਲੋਂ ਵੀ ਵੱਧ ਯਕੀਨ

ਏ.....ਨਾਲੇ ਮੇਰੇ ਤੇ ਮੇਰੇ ਪਤੀ ਵਿੱਚ ਔਲਾਦ ਨਾ ਹੋਣ ਕਰਕੇ ਪਹਿਲਾਂ ਤੋਂ ਹੀ ਇੰਨਾ ਤਣਾਅ ਉਪਜਿਆ ਪਿਆ ਸੀ ਕਿ ਜੇ ਮੈਂ ਇਹ ਗੱਲ ਫ਼ਰਹਾਨ ਨੂੰ ਦੱਸ ਵੀ ਦਿੰਦੀ, ਤਾਂ ਵੀ ਉਹਨੇ ਮੇਰੀ ਗੱਲ ਤੇ ਯਕੀਨ ਨਹੀਂ ਸੀ ਕਰਨਾ... ਸਗੋਂ ਮੈਨੂੰ ਹੀ ਕੋਈ ਪੁੱਠਾ ਜਵਾਬ ਦੇਣਾ ਸੀ... ਮੇਰੇ ਤੇ ਮੇਰੇ ਪਤੀ ਵਿੱਚ ਕਿਤੇ ਤਣਾਅ ਨਾ ਵੱਧ ਜਾਵੇ, ਇਹ ਸੋਚ ਕੇ ਮੈਂ ਇਸ ਗੱਲ ਦਾ ਲਕੋ ਹੀ ਰੱਖਿਆ.... ਪਰ ਉਸ ਸ਼ਾਮ ਤਾਂ ਹੱਦ ਹੀ ਹੋ ਗਈ, ਜਦ ਮੇਰੇ ਪਤੀ ਨੇ ਮੈਨੂੰ ਘਰ 'ਚੋਂ ਹੀ ਕੱਢ ਦਿੱਤਾ.... ਤੇ ਜਾਵੇਦ ਨੇ ਮੇਰੇ ਤੇ ਇਵੇਂ ਹੱਕ ਜਮਾ ਲਿਆ, ਜਿਵੇਂ ਮੈਂ ਇਸੇ ਦੀ ਹੀ ਮਲਕੀਅਤ ਹੋਵਾਂ..... ਮੈਨੂੰ ਸਹਾਰਾ ਦੇਣ ਦੀ ਆੜ ਵਿੱਚ ਇਸਨੇ ਮੇਰੇ ਨਾਲ ਜਿਸਮਾਨੀ ਤਾਲੁਕਾਤ ਬਣਾਏ ਤੇ ਸਾਲ ਬਾਅਦ ਮੇਰੀ ਕੁੱਖੋਂ ਮੁਰਾਦ ਨੇ ਜਨਮ ਲਿਆ.... ਮੁਰਾਦ ਦੇ ਪੈਦਾ ਹੁੰਦੇ ਹੀ ਮੇਰੇ ਵਾਕਫ਼ਾਂ ਤੇ ਰਿਸ਼ਤੇਦਾਰਾਂ ਨੇ ਮੈਨੂੰ ਇਹ ਕਹਿ ਕੇ ਮੈਂਥੋਂ ਸਾਰੇ ਸੰਬੰਧ ਤੋੜ ਛੱਡੇ ਕਿ ਮੈਂ ਇੱਕ ਵੇਸਵਾ ਔਰਤ ਹਾਂ, ਤਾਹੀਂਓ ਤਾਂ ਆਪਣੇ ਪਹਿਲੇ ਪਤੀ ਨਾਲ ਚੱਜ ਨਾਲ ਰਹਿ ਨਹੀਂ ਪਾਈ ਤੇ ਹੁਣ ਕਿਸੇ ਗੈਰ ਮਰਦ ਨੂੰ ਆਪਣਾ ਪਤੀ ਬਣਾ ਕੇ ਨਜ਼ਾਇਜ਼ ਔਲਾਦ ਪੈਦਾ ਕਰ ਛੱਡੀ ਏ....ਕਹਿਣ ਵਾਲੇ ਤਾਂ ਕਹਿ ਕੇ ਚਲਦੇ ਬਣੇ.... ਪਰ ਆਪਣੀ ਜ਼ਬਾਨ ਨਾਲ ਮੇਰੇ ਦਿਲ ਤੇ ਜ਼ਿਹਨ ਨੂੰ ਐਸਾ ਜ਼ਖ਼ਮ ਦੇ ਗਏ ਕਿ ਉਹ ਜ਼ਖ਼ਮ ਮੁੜ ਕਦੇ ਠੀਕ ਹੀ ਨਾ ਹੋਏ....ਜਿੰਨਾ

ਮੈਂ ਇਹਨਾਂ ਜ਼ਖ਼ਮਾਂ ਨੂੰ ਲੁਕਾਉਣ ਦੀ ਕੋਸ਼ਿਸ਼ ਕੀਤੀ, ਇਹ ਮੁੜ-੨ ਨੰਗੇ ਹੁੰਦੇ ਰਹੇ.... ਨਾਸੂਰ ਵਾਂਗ ਰਿਸਦੇ ਰਹੇ ਅਤੇ ਇਹ ਨਾਸੂਰ ਬਣ ਚੁੱਕੇ ਜ਼ਖ਼ਮ ਅਣਸੀਤੇ ਹੀ ਰਹੇ.... ਮੈਂ ਆਪਣੀ ਸਾਰੀ ਹਯਾਤੀ ਇਹਨਾਂ ਅਣਸੀਤੇ ਜ਼ਖ਼ਮਾਂ ਨਾਲ ਹੀ ਬਿਤਾਈ.....ਇਹਨਾਂ ਅਣਸੀਤੇ ਜ਼ਖ਼ਮਾਂ ਵਿੱਚ ਉਹ ਕਲੰਕ ਵੀ ਸ਼ਾਮਿਲ ਸਨ, ਜੋ ਪਤਾ ਨਹੀਂ ਕਿੰਨੀ ਕੁ ਵਾਰ ਮੇਰੇ ਮੱਥੇ ਤੇ ਕਾਲਖ਼ ਵਾਂਗ ਲੱਗਦੇ ਰਹੇ.....ਪਹਿਲਾਂ ਮੇਰੀ ਮਾਂ ਦੇ ਵੇਸਵਾ ਹੋਣ ਦਾ ਕਲੰਕ ਮੇਰੇ ਮੱਥੇ ਤੇ ਲੱਗਿਆ.... ਜਦ ਵਿਆਹੀ ਗਈ ਤਾਂ ਵੀ ਲੋਕ ਮੈਨੂੰ ਇੱਕ ਵੇਸਵਾ ਪਤਨੀ ਦੇ ਰੂਪ ਵਿੱਚ ਹੀ ਵੇਖਦੇ ਰਹੇ.... ਔਲਾਦ ਨਾ ਹੋਣ ਦਾ ਦੋਸ਼ ਵੀ ਮੇਰੇ ਮੱਥੇ ਹੀ ਮੜ੍ਹਿਆ ਗਿਆ.... ਤੇ ਜਦ ਤੱਕ ਮੈਂ ਆਪਣੇ ਪਹਿਲੇ ਪਤੀ ਨਾਲ ਰਹੀ, ਲੋਕਾਂ ਨੇ ਮੈਨੂੰ ਬਾਂਝ ਵੇਸਵਾ ਦੇ ਨਾਂ ਤੋਂ ਕਲੰਕਿਤ ਕੀਤਾ.... ਜਾਵੇਦ ਆਇਆ ਤਾਂ ਉਹ ਵੀ ਬੱਸ ਮੈਨੂੰ ਇੱਕ ਇਸਤੇਮਾਲ ਦੀ ਚੀਜ਼ ਵਾਂਗ ਹੀ ਵਰਤਦਾ ਰਿਹਾ.... ਨਾ ਜਾਵੇਦ ਨੇ ਮੇਰੇ ਨਾਲ ਵਿਆਹ ਕਰਵਾਇਆ, ਨਾ ਫ਼ਰਹਾਨ ਨੇ ਮੈਨੂੰ ਤਲਾਕ ਦਿੱਤਾ.... ਇਹ ਕਹਿ ਕੇ ਕਿ ਵੇਸਵਾਵਾਂ ਨੂੰ ਮਰਦ ਦੀ ਲੋੜ ਨਾ ਤਾਂ ਵਿਆਹ ਲਈ ਹੁੰਦੀ ਹੈ ਤੇ ਨਾ ਤਲਾਕ ਲਈ.... ਉਹਨਾਂ ਨੂੰ ਤਾਂ ਬੱਸ ਮਰਦ ਦੀ ਲੋੜ.....! ਇਹ 'ਵੇਸਵਾ' ਨਾਂ ਦਾ 'ਕਲੰਕ' ਸਾਰੀ ਜ਼ਿੰਦਗੀ ਤਾਂ ਮੈਨੂੰ ਕਲੰਕਿਤ ਕਰਦਾ ਹੀ ਰਿਹਾ, ਸਗੋਂ ਮੇਰੀ ਔਲਾਦ ਨੂੰ ਵੀ

ਮੇਰੇ ਹੀ ਕਰਕੇ ਅਪਮਾਨਿਤ ਹੋਣਾ ਪਿਆ.... ਉਹ ਜਦ ਵੀ ਕਿਸੇ ਨੂੰ ਮਿਲਦਾ, ਲੋਕ ਉਸ ਨਾਲ ਵੇਸਵਾ ਦੀ ਔਲਾਦ ਕਹਿ ਕੇ ਹੀ ਮੁਖ਼ਾਤਿਬ ਹੁੰਦੇ ਰਹੇ..... ਇੱਕ ਵਾਰੀ ਤਾਂ ਉਸਨੂੰ ਸਕੂਲ ਵਿੱਚ ਵੀ ਕਿਸੇ ਨੇ 'ਨਜ਼ਾਇਜ਼ ਮੁਰਾਦ' ਕਹਿ ਕੇ ਛੇੜ ਦਿੱਤਾ ਸੀ....ਉਹਨੂੰ ਹਲੇ ਇੰਨੀ ਸਮਝ ਨਹੀਂ ਸੀ ਕਿ 'ਨਜ਼ਾਇਜ਼' ਸ਼ਬਦ ਦਾ ਅਰਥ ਕੀ ਹੁੰਦਾ ਏ, ਇਸ ਲਈ ਉਸਨੇ ਘਰ ਆਉਂਦੇ ਸਾਰ ਹੀ ਮੈਂਥੋਂ ਪਹਿਲਾ ਸਵਾਲ ਆਹੀ ਕੀਤਾ.... ਪਰ ਮੇਰੀ ਹਾਲਤ ਵੀ ਇਹੋ ਜਿਹੀ ਨਹੀਂ ਸੀ ਕਿ ਮੈਂ ਉਸਨੂੰ ਸਭ ਸਹੀ ਤਰੀਕੇ ਨਾਲ ਸਮਝਾ ਪਾਉਂਦੀ....ਉਸ ਵੇਲੇ ਤਾਂ ਮੈਂ ਉਸਨੂੰ 'ਮੈਨੂੰ ਪਤਾ ਨਹੀਂ' ਕਹਿ ਕੇ ਖਹਿੜਾ ਛੁਡਾ ਲਿਆ ਸੀ, ਪਰ ਜਿਵੇਂ-੨ ਮੁਰਾਦ ਵੱਡਾ ਹੁੰਦਾ ਗਿਆ, ਉਹ ਵੀ ਮੇਰੇ ਜ਼ਖ਼ਮਾਂ ਦਾ ਭਾਗੀਦਾਰ ਬਣਦਾ ਗਿਆ.... ਲੋਕ ਉਸਨੂੰ 'ਨਜ਼ਾਇਜ਼' ਕਹਿ ਕੇ ਛੇੜਦੇ ਤਾਂ ਉਸਨੇ ਘਰੋਂ ਬਾਹਰ ਜਾਣਾ ਹੀ ਬੰਦ ਕਰ ਦਿੱਤਾ.....ਇੱਕ ਦਿਨ ਮੁਰਾਦ ਨੇ ਮੈਨੂੰ ਲੋਕਾਂ ਵੱਲੋਂ 'ਵੇਸਵਾ' ਕਹਿਣਾ ਵੀ ਸੁਣ ਲਿਆ.... ਇਸ ਗੱਲ ਨੇ ਉਸ ਤੇ ਇਹੋ ਜਿਹਾ ਪ੍ਰਭਾਵ ਪਾਇਆ ਕਿ ਉਹ ਦਿਨੋਂ-ਦਿਨ ਪੱਥਰ ਬਣਦਾ ਚਲਾ ਗਿਆ.... ਇੱਕ ਪਿਤਾ ਦੀ ਨਜ਼ਾਇਜ਼ ਔਲਾਦ ਤੇ ਇੱਕ ਵੇਸਵਾ ਮਾਂ ਦਾ ਪੁੱਤਰ ਹੋਣਾ, ਉਸ ਲਈ ਇੱਕ ਕਲੰਕ ਬਣ ਗਿਆ ਤੇ ਇਹ ਕਲੰਕ ਅੱਗੋਂ ਇੱਕ 'ਅਣਸੀਤਾ ਜ਼ਖ਼ਮ'......! ਜਾਵੇਦ, ਮੈਂ ਤੇ ਮੁਰਾਦ ਇੱਕੋ ਛੱਤ

ਥੱਲ੍ਹੇ ਰਹਿ ਕੇ ਵੀ ਜੁਦਾ-੨ ਰਹਿੰਦੇ.... ਜਾਵੇਦ ਨੂੰ ਸਾਡੇ ਨਾਲ ਹੁਣ ਕੋਈ ਲੈਣਾ-ਦੇਣਾ ਨਹੀਂ ਸੀ....ਉਹਨੇ ਤਾਂ ਸਗੋਂ ਰਜ਼ੀਆ ਨਾਂ ਦੀ ਇੱਕ ਕੁੜੀ ਨਾਲ ਨਿਗਾਹ ਤੱਕ ਵੀ ਰਚਾ ਲਿਆ ਸੀ ਤੇ ਉਸ ਨਾਲ ਆਪਣੇ ਨਵੇਂ ਘਰ ਵਿੱਚ ਰਹਿਣ ਵੀ ਲੱਗ ਪਿਆ ਸੀ....ਕਿਉਂਕਿ ਉਸਨੂੰ ਵੀ ਇੱਕ ਵੇਸਵਾ ਨਾਲ ਵਿਆਹ ਰਚਾ ਕੇ ਉਸਦਾ ਪਤੀ ਬਣਨਾ ਮਨਜ਼ੂਰ ਨਹੀਂ ਸੀ....ਇਸ ਲਈ ਉਸਨੇ ਮੇਰੇ ਨਾਲ ਕਦੇ ਵਿਆਹ ਹੀ ਨਹੀਂ ਕੀਤਾ....ਮੁਰਾਦ ਦੀ ਵਜ੍ਹਾ ਕਰਕੇ ਹੀ ਉਸਨੇ ਮੈਨੂੰ ਤੇ ਮੁਰਾਦ ਨੂੰ ਰਹਿਣ ਲਈ ਆਪਣਾ ਘਰ ਦਿੱਤਾ ਹੋਇਆ ਸੀ....ਪਰ ਉਹ ਆਪ ਤਾਂ ਇਸ ਘਰ ਵਿੱਚ ਕਦੇ-ਕਦਾਈਂ ਹੀ ਆਉਂਦਾ-ਜਾਂਦਾ ਸੀ....ਮੁਰਾਦ ਨਾਲ ਉਸਦਾ ਮੋਹ ਵੀ ਦਿਨੋਂ-ਦਿਨ ਘੱਟਦਾ ਜਾ ਰਿਹਾ ਸੀ....ਜਿਸ ਕਰਕੇ ਮੁਰਾਦ ਲਈ ਤਣਾਅ ਹੋਰ ਵੀ ਵੱਧਦਾ ਗਿਆ.... ਮੇਰੇ ਨਾਲ ਗੱਲ ਕਰਨਾ ਮੁਰਾਦ ਲਈ ਉਸੇ ਤਰ੍ਹਾਂ ਹੀ ਸੀ, ਜਿਵੇਂ ਕਿਸੇ ਦੇ ਜ਼ਖ਼ਮਾਂ ਤੇ ਲੂਣ ਛਿੜਕਣਾ..... ਤੇ ਜਾਵੇਦ ਨਾਲ ਗੱਲ ਕਰਨ ਦੀ ਮੁਰਾਦ ਕਦੇ ਹਿੰਮਤ ਨਹੀਂ ਸੀ ਜੁਟਾ ਪਾਇਆ.... ਉਹ ਅੰਦਰੋਂ-ਅੰਦਰੀਂ ਹੀ ਘੁੱਟਦਾ ਰਿਹਾ.... ਕਿਸੇ ਨਾਲ ਨਾ ਮਿਲਣ.... ਗੱਲ ਨਾ ਕਰਨ ਤੇ ਅੰਦਰੋਂ-ਅੰਦਰੀਂ ਹੀ ਘੁੱਟੀ ਜਾਣ ਕਾਰਨ ਉਸਦੇ ਹਾਸੇ ਕਿਤੇ ਗੁਆਚ ਗਏ.....ਤੇ ਮਗਰੋਂ ਸਣੇ ਆਪਣੇ 'ਅਣਸੀਤੇ ਜ਼ਖ਼ਮ' ਉਹ ਵੀ ਕਿਧਰੇ ਗੁਆਚ ਗਿਆ.....!

## ......ਸਰਹੱਦਾਂ......

**'ਕਿਤੇ ਤੈਥੋਂ ਦੂਰ ਹੋਣ ਦੇ**

**ਗ਼ਮ ਨਾਲ ਹੀ ਨਾ ਮਰ ਜਾਵਾਂ**

**ਮੇਰੀ ਖੁਸ਼ਨਸੀਬੀ**

**ਜੇ ਮੈਂ ਤੇਰੇ ਨਾਲ**

**ਗੱਲਾਂ ਕਰਦਾ ਮਰ ਜਾਵਾਂ.....'**

ਪਰ ਕਿਸਮਤ ਨੇ ਉਸਨੂੰ ਇੰਨੀ ਖੁਸ਼ਨਸੀਬੀ ਕਿੱਥੇ ਬਖ਼ਸ਼ੀ ਸੀ ਕਿ ਮਰਨ ਵੇਲੇ ਵੀ ਉਸਦਾ ਮਹਿਬੂਬ ਉਸਦੇ ਕੋਲ ਹੋਵੇ....ਸਗੋਂ ਉਹਦੀ ਕਿਸਮਤ 'ਚ ਤਾਂ ਉਹਦੀ ਮੌਤ ਵੀ ਉਹਦੇ ਮਹਿਬੂਬ ਦੀ ਜੁਦਾਈ ਕਰਕੇ ਹੀ ਹੋਣੀ ਲਿਖੀ ਸੀ.....

ਉਹ ਇੱਕ ਮਲੂਕ ਜਿਹੀ ਕੁੜੀ ਸੀ....ਨਾਜ਼ਾਂ ਨਾਲ ਪਾਲੀ ਹੋਈ..... ਸ਼ੈਆਂ ਦੀ ਉਸ ਕੋਲ ਕੋਈ ਕਮੀ ਨਹੀਂ ਸੀ....ਹੁਸਨ ਇੰਨਾ ਕਿ ਸਾਰੀ ਕਾਇਨਾਤ ਵੀ ਉਸਦੇ ਪੈਰਾਂ ਵਿੱਚ ਸੀ.....

ਮਾਂ-ਬਾਪ ਨੇ ਆਪਣੀ ਇਸ ਸ਼ਹਿਜ਼ਾਦੀ ਨੂੰ ਇਸ ਤਰ੍ਹਾਂ ਲਾਡ-ਪਿਆਰ ਨਾਲ ਰੱਖਿਆ ਹੋਇਆ ਸੀ ਕਿ ਉਸ ਦੇ ਮੂੰਹੋਂ ਕੁੱਝ ਕਹਿਣ ਤੋਂ ਪਹਿਲਾਂ ਹੀ ਚੀਜ਼ ਉਸਦੇ ਸਾਹਮਣੇ ਹੁੰਦੀ....

ਪਰ ਇੰਨਾ ਸਭ ਕੁੱਝ ਹੋਣ ਦੇ ਬਾਵਜੂਦ ਵੀ ਉਸ ਤੇ ਬਹੁਤ ਸਾਰੀਆਂ ਬੰਦਸ਼ਾਂ ਸਨ.... ਪਾਬੰਦੀਆਂ ਸਨ.... ਕਦਮ-੨ ਤੇ ਰੋਕ-ਟੋਕ ਸੀ....ਬੇਸ਼ੱਕ ਉਸਦੇ ਕਦਮਾਂ ਵਿੱਚ ਹਰ ਵੇਲੇ ਫੁੱਲ ਵਿੱਛੇ ਰਹਿੰਦੇ ਸਨ....

ਉਸਦੀਆਂ ਇਹੀ ਬੰਦਸ਼ਾਂ ਉਸ ਲਈ, ਉਸਦੇ ਤੇ ਉਸਦੇ ਮਹਿਬੂਬ ਦਰਮਿਆਂ ਸਰਹੱਦਾਂ ਬਣੀਆਂ.... ਉਸਦੇ ਬਾਹਰ ਆਉਣ-ਜਾਣ ਤੇ ਕੋਈ ਉੱਚੇਚ ਪਾਬੰਦੀ ਤਾਂ ਨਹੀਂ ਸੀ, ਪਰ ਉਸਦੇ ਆਉਣ-ਜਾਣ ਤੇ ਸਭ ਦੀਆਂ ਨਜ਼ਰਾਂ ਜ਼ਰੂਰ ਸੀ ਰਹਿੰਦੀਆਂ.....

ਖ਼ੈਰ....! ਇਸ ਸਭ ਕਾਸੇ ਦੇ ਬਾਵਜੂਦ ਵੀ ਉਹ ਆਪਣੇ ਮਹਿਬੂਬ ਨੂੰ ਮਿਲਣ ਲਈ ਆਇਆ ਕਰਦੀ.....

ਉਸਦੀ ਆਪਣੇ ਮਹਿਬੂਬ ਨਾਲ ਪਹਿਲੀ ਮੁਲਾਕਾਤ ਰੱਬ ਨੇ ਆਪ ਕਰਵਾਈ ਸੀ.....ਉਹ ਵੀ ਦਰਗਾਹ ਤੇ ਮੱਥਾ ਟੇਕਣ ਆਈ ਸੀ ਤੇ ਉਸਦਾ ਮਹਿਬੂਬ ਵੀ.....

ਜਦ ਉਸਨੇ ਰੱਬ ਨੂੰ ਸਜਦਾ ਕਰ ਨਜ਼ਰ ਘੁੰਮਾਈ ਤਾਂ ਉਸਨੂੰ ਇੱਕ ਪਾਸੇ ਅੱਲਾ ਤੇ ਦੂਜੇ ਪਾਸੇ ਆਪਣਾ ਮਹਿਬੂਬ ਦਿੱਸਿਆ..... ਫਿਰ ਤਾਂ ਉਸਨੂੰ ਬੱਸ ਦਿਨ-ਰਾਤ ਉਸਦੇ ਹੀ ਦੀਦਾਰੇ ਹੁੰਦੇ ਰਹਿੰਦੇ....ਅਸਲ ਵਿੱਚ ਤਾਂ ਨਹੀਂ, ਪਰ ਉਹ ਆਪਣੇ ਖ਼ਿਆਲਾਂ ਵਿੱਚ ਅਕਸਰ ਉਸਨੂੰ ਵੇਖਿਆ ਕਰਦੀ....

ਉਸਦਾ ਮਹਿਬੂਬ ਉਸਦੇ ਕੋਲ ਤਾਂ ਨਹੀਂ ਸੀ, ਪਰ ਉਹ ਉਸਦਾ ਸਾਥ ਤਨਹਾਈ ਵਿੱਚ ਵੀ ਮਾਣ ਲਿਆ ਕਰਦੀ ਸੀ....ਆਪਣੀਆਂ ਖੁੱਲੀਆਂ ਅੱਖਾਂ ਦੇ ਸੁਪਨੇ ਬੁਣਕੇ..... ਇਸ਼ਕ ਤਾਂ ਉਹਦੇ ਮਹਿਬੂਬ ਨੂੰ ਵੀ ਹੋ ਗਿਆ ਸੀ.... ਬੱਸ ਜੋ ਬਾਕੀ ਸੀ, ਉਹ ਸੀ ਇਜ਼ਹਾਰ.....

ਇੱਕ ਵਾਰੀ ਆਪਣੇ ਮਹਿਬੂਬ ਨੂੰ ਵੇਖਣ ਤੋਂ ਬਾਅਦ ਫੇਰ ਕਿੰਨਾ ਚਿਰ ਹੀ ਉਸਨੂੰ ਹਕੀਕਤ ਵਿੱਚ ਆਪਣੇ ਮਹਿਬੂਬ ਦੇ ਦੀਦਾਰੇ ਨਹੀਂ ਹੋਏ.... ਉਸ ਲਈ ਇੱਕ-੨ ਪਲ ਸਾਲਾਂ ਵਾਂਗ ਬਤੀਤ ਹੋ ਰਿਹਾ ਸੀ.... ਸਮਾਂ ਸੀ ਕਿ ਮਾਣੋ ਖੜ੍ਹ ਹੀ ਗਿਆ ਹੋਵੇ ਤੇ ਘੜੀ ਚੱਲਣ ਨੂੰ ਹੀ ਤਿਆਰ ਨਹੀਂ ਸੀ....ਉਸਦੀਆਂ ਅੱਖੀਆਂ ਰੋ-੨ ਬਰਸਾਤਾਂ ਕਰਦੀਆਂ ਨਹੀਂ ਸਨ ਥੱਕਦੀਆਂ ਤੇ ਸਾਰਾ-੨ ਦਿਨ ਉਹ ਇਸੇ ਮਾਨਸਿਕ ਥਕਾਨ ਨਾਲ ਚੂਰ ਹੋਈ ਰਹਿੰਦੀ....

**'ਉਸਦੀ ਮਿਲਣ ਦੀ ਤਾਂਘ ਬੇਕਰਾਰ ਹੋ ਰਹੀ ਸੀ**

**ਤੇ ਬੇ-ਦਰਦੇ ਵਕ਼ਤ ਨੂੰ ਕੋਈ ਫ਼ਰਕ ਹੀ ਨਹੀਂ ਸੀ....'**

ਉਹ ਮੁੜ-੨ ਇਹੀ ਦੁਆ ਕਰਦੀ ਕਿ ਅੱਲਾ ਉਸਨੂੰ ਉਸਦੇ ਮਹਿਬੂਬ ਨਾਲ ਮਿਲਾ ਦੇਵੇ.... ਸਮਾਂ ਆਪਣੀ ਚਾਲ ਚੱਲਦਾ ਗਿਆ ਤੇ ਸਾਲ ਬੀਤ ਗਿਆ.... ਅਗਲੇ ਸਾਲ ਜਦ ਉਹ ਦਰਗਾਹ ਤੇ ਦੁਆ ਮੰਗਣ ਆਈ ਤਾਂ ਅੱਲਾ ਨੇ ਪਹਿਲਾਂ ਹੀ ਸਭ ਇੰਤਜ਼ਾਮ ਕਰ ਰੱਖਿਆ ਸੀ....

ਅੱਲਾ-ਤਾਲਾ ਦੀ ਮਿਹਰ ਨਾਲ ਉਸ ਦਿਨ ਉਸਦਾ ਆਪਣੇ ਮਹਿਬੂਬ ਨਾਲ ਫੇਰ ਤੋਂ ਮਿਲਾਪ ਹੋਇਆ.....ਖ਼ੁਦਾ ਦੀ ਇੰਨੀ ਬਖ਼ਸ਼ਸ਼ ਉਸ ਉੱਤੇ ਹੋਈ ਕਿ ਉਸਦੇ ਮਹਿਬੂਬ ਨੇ ਵੀ ਉਸ ਅੱਗੇ ਆਪਣੇ ਇਸ਼ਕ ਦਾ ਇਜ਼ਹਾਰ ਕਰ ਦਿੱਤਾ.... ਉਹਨੂੰ ਹੋਰ ਚਾਹੀਦਾ ਵੀ ਕੀ ਸੀ...

ਮਹਿਬੂਬ ਦੇ ਗਲ਼ ਲੱਗ ਕੇ ਉਹ ਕਿੰਨਾ ਚਿਰ ਹੀ ਰੋਂਦੀ ਰਹੀ.... ਜਾਂਦੀ ਵਾਰੀ ਉਸਦਾ ਮਹਿਬੂਬ ਉਸ ਨਾਲ ਇਕਰਾਰ ਕਰ ਗਿਆ ਕਿ ਉਹ ਛੇਤੀ ਹੀ ਉਸਨੂੰ ਸਦਾ-੨ ਲਈ ਆਪਣੇ ਕੋਲ ਲੈ ਆਵੇਗਾ ਤੇ ਫਿਰ ਉਹ ਦੋਵੇਂ ਹਮੇਸ਼ਾ ਇਕੱਠੇ ਰਹਿਣਗੇ.... ਕਦੇ ਇੱਕ-ਦੂਜੇ ਤੋਂ ਜੁਦਾ ਨਹੀਂ ਹੋਣਗੇ....

ਉਹਨਾਂ ਵਿਚਕਾਰ ਕੋਈ ਪਾਬੰਦੀ ਨਹੀਂ ਹੋਵੇਗੀ... ਕੋਈ ਬੰਦਸ਼ ਨਹੀਂ ਹੋਵੇਗੀ... ਕੋਈ ਸਰਹੱਦ ਨਹੀਂ ਹੋਵੇਗੀ....ਪਰ ਉਸਦਾ ਮਹਿਬੂਬ ਕਹਿ ਕੇ ਕੁੱਝ ਗਿਆ ਤੇ ਕਰ ਕੁੱਝ ਹੋਰ ਹੀ ਗਿਆ.... ਉਹ ਆਪਣਾ ਇਕਰਾਰ ਪੂਰਾ ਨਹੀਂ ਕਰ ਸਕਿਆ ਤੇ ਉਸਨੂੰ ਅੱਧ-ਵਿਚਾਲੇ ਹੀ ਛੱਡ ਗਿਆ.....

ਆਪਣੇ ਮਹਿਬੂਬ ਨੂੰ ਮਿਲਣ ਜਾਂਦੀ ਨੂੰ ਵੇਖ ਕੇ ਜਦ ਉਸਦੇ ਭਰਾਵਾਂ ਨੇ ਆਪਣੀ ਭੈਣ ਦੇ ਮਹਿਬੂਬ ਦਾ ਪਤਾ ਲਗਾਉਣ ਦੀ ਠਾਣੀ ਤਾਂ ਇਸ ਗੱਲ ਦੀ ਸੂਹ ਉਸਨੂੰ ਵੀ ਲੱਗ ਗਈ....ਉਸ ਵਿਚਾਰੀ ਨੇ ਤਾਂ ਬੜੀ ਕੋਸ਼ਿਸ਼ ਕੀਤੀ ਕਿ ਉਸਦੇ ਭਰਾ, ਉਸਦੇ ਮਹਿਬੂਬ ਦਾ ਪਤਾ ਨਾ ਕਰ ਪਾਉਣ....

ਪਰ ਕਿਸਮਤ ਨੂੰ ਤਾਂ ਕੁੱਝ ਹੋਰ ਹੀ ਮਨਜ਼ੂਰ ਸੀ.... ਉਸਦੇ ਭਰਾਵਾਂ ਨੇ ਉਸਦੇ ਮਹਿਬੂਬ ਦਾ ਪਤਾ ਵੀ ਕਰ ਲਿਆ ਤੇ ਉਸਨੂੰ ਤਾਕੀਦ ਵੀ ਕਰ ਦਿੱਤੀ ਕਿ ਮੁੜ ਉਹ ਉਸਦੇ ਕਦੇ ਸਾਹਮਣੇ ਵੀ ਨਾ ਆਵੇ....

ਪਿਆਰ ਵਿੱਚ ਸਰਹੱਦਾਂ ਕੋਈ ਮਾਇਨੇ ਨਹੀਂ ਰੱਖਦੀਆਂ, ਪਰ ਸਮਾਜ ਦੀਆਂ ਬਣਾਈਆਂ ਸਰਹੱਦਾਂ ਕਦੇ ਪਿਆਰ ਕਰਨ ਵਾਲਿਆਂ ਨੂੰ ਇੱਕ ਨਹੀਂ ਹੋਣ

ਦਿੰਦੀਆਂ.... ਉਹਦਾ ਮਹਿਬੂਬ ਕਈ ਵਾਰ ਕੋਸ਼ਿਸ਼ ਕਰਦਾ ਰਿਹਾ ਉਹਨੂੰ ਮਿਲਣ ਦੀ.... ਪਰ ਕਾਮਯਾਬ ਨਾ ਹੋ ਸਕਿਆ....

ਇੱਧਰ ਉਹ ਵਿਚਾਰੀ ਦਿਨ-ਰਾਤ ਬੱਸ ਉਹਨੂੰ ਹੀ ਉਡੀਕਦੀ ਰਹਿੰਦੀ.... ਉਹਨੂੰ ਕੀ ਪਤਾ ਸੀ ਕਿ ਉਹਦਾ ਇੰਤਜ਼ਾਰ ਤਾਂ ਨਾ ਮੁੱਕਣ ਵਾਲਾ ਸੀ....ਇੱਕ ਰਾਤ ਉਸਦਾ ਮਹਿਬੂਬ ਉਸਨੂੰ ਮਿਲਣ ਖ਼ਾਤਰ ਆਇਆ,ਪਰ ਮੁੜ ਕਿਧਰੇ ਹਨ੍ਹੇਰਿਆਂ ਵਿੱਚ ਹੀ ਗੁਆਚ ਗਿਆ....

ਰਾਤੋ-ਰਾਤ ਉਹਦੇ ਭਰਾਵਾਂ ਨੇ ਉਸਦਾ ਕੰਮ ਤਮਾਮ ਕਰ ਦਿੱਤਾ ਤੇ ਉਸਦੀ ਲਾਸ਼ ਨੂੰ ਵੀ ਕਿਸੇ ਐਸੀ ਵੀਰਾਨ ਥਾਂ ਜਾ ਗੱਡਿਆ ਕਿ ਏਸ ਖ਼ਬਰ ਤੋਂ ਕੋਈ ਬਸ਼ਿੰਦਾ ਤਾਂ ਕੀ, ਕੋਈ ਪਰਿੰਦਾ ਤੱਕ ਵੀ ਜਾਣੂ ਨਾ ਹੋ ਸਕੇ.....

ਭਰਾਵਾਂ ਨੇ ਤਾਂ ਏਸ ਗੱਲ ਦੀ ਭਾਫ਼ ਤੱਕ ਵੀ ਨਹੀਂ ਸੀ ਕੱਢੀ, ਪਰ ਉਸਨੂੰ ਕਿਸੇ ਅਣਹੋਣੀ ਦਾ ਸੇਕ ਲੱਗਣ ਲੱਗ ਪਿਆ ਸੀ....

ਉਸ ਦਾ ਤਾਪ ਸਾਰਾ ਦਿਨ ਚੜ੍ਹਦਾ-ਉੱਤਰਦਾ ਰਹਿੰਦਾ... ਉਸਨੂੰ ਆਪਣੇ ਆਪ ਦਾ ਵੀ ਕੋਈ ਚਿੱਤ-ਚੇਤਾ ਨਹੀਂ ਸੀ ਰਿਹਾ.....ਉਸਦੀ ਹਾਲਤ ਦਿਨੋਂ-ਦਿਨ ਬਦ ਤੋਂ ਬੱਦਤਰ ਹੁੰਦੀ ਚਲੀ ਗਈ.....

ਉਸਦੀ ਸੇਵਾ ਕਰਨ ਵਾਲੇ ਤਾਂ ਬਹੁਤੇ ਸਨ... ਉਸਦੇ ਕੋਲ ਵੀ ਸਨ... ਪਰ ਸਾਂਭਣ ਵਾਲਾ ਕੋਈ, ਉਸ ਕੋਲ ਨਹੀਂ ਸੀ.... ਆਪਣੇ ਮਹਿਬੂਬ ਤੋਂ ਜੁਦਾਈ ਉਸਨੂੰ ਬਰਦਾਸ਼ਤ ਨਹੀਂ ਸੀ ਹੋ ਰਹੀ ਤੇ ਉਹ ਜਲਦ ਤੋਂ ਜਲਦ ਆਪਣੇ ਮਹਿਬੂਬ ਪਾਸ ਜਾਣਾ ਚਾਹੁੰਦੀ ਸੀ....

ਫੇਰ ਇੱਕੋ ਵੇਲੇ ਕਿਸਮਤ ਖੇਡ ਖਿਡਾ ਗਈ....ਉਹਦੀ ਬਦਨਸੀਬੀ ਸੀ ਇਹ ਕਿ ਮਰਨ ਵੇਲੇ ਉਹ 'ਕੱਲੇ ਹੀ ਰਹਿ ਕੇ ਮਰੀ...ਜਦਕਿ ਉਹ ਆਪਣੇ ਮਹਿਬੂਬ ਦੀਆਂ ਬਾਹਾਂ ਵਿੱਚ ਦਮ ਤੋੜਨਾ ਚਾਹੁੰਦੀ ਸੀ, ਪਰ ਉਹਦਾ ਮਹਿਬੂਬ ਮਰਨ ਵੇਲੇ ਉਹਦੇ ਕੋਲ ਨਹੀਂ ਸੀ.... ਤੇ ਉਸਦੀ ਖੁਸ਼ਨਸੀਬੀ ਵੀ ਕੀ, ਕਿ ਉਹ ਆਪਣੇ ਮਹਿਬੂਬ ਦੇ ਮਰਨ ਪਿੱਛੋਂ ਮਰੀ ਤੇ ਸਦਾ-੨ ਲਈ ਸਾਰੀਆਂ ਸਰਹੱਦਾਂ ਹੀ ਤੋੜ੍ਹ ਕੇ ਆਪਣੇ ਮਹਿਬੂਬ ਦੀ ਹੋ ਗਈ....

www.PunjabiLibrary.com

## ......ਆਜ਼ਾਦ......

ਉਸਨੂੰ ਆਜ਼ਾਦ ਰਹਿਣਾ ਬਹੁਤ ਪਸੰਦ ਸੀ....ਇੱਕ ਪੰਛੀ ਵਾਂਗਰ ਉੱਡਣਾ ਤੇ ਉੱਚੀਆਂ ਉਡਾਰੀਆਂ ਮਾਰਨਾ, ਉਹਨੂੰ ਬੇਹੱਦ ਪਸੰਦ ਸੀ....ਉਹਦੀ ਉਡਾਣ ਲੰਮੀ ਹੁੰਦੀ ਸੀ, ਪਰ ਉਸਦਾ ਅਸਮਾਨ ਉਸਦੀ ਉਡਾਣ ਲਈ ਘੱਟ ਪੈ ਜਾਂਦਾ ਸੀ....

ਇੱਟਾਂ ਦੀ ਚਾਰਦੀਵਾਰੀ ਇੱਕ ਕੈਦ ਤੋਂ ਵੱਧ ਉਸ ਲਈ ਹੋਰ ਕੁੱਝ ਨਹੀਂ ਸੀ.... ਉਸਨੂੰ ਸ਼ੀਸ਼ੇ ਦੇ ਮਹਿਲਾਂ ਵਿੱਚ ਰਹਿਣ ਦਾ ਕੋਈ ਸ਼ੌਂਕ ਨਹੀਂ ਸੀ....

ਉਸਨੂੰ ਤਾਂ ਪਸੰਦ ਸੀ...ਖੁੱਲੀਆਂ ਵਾਦੀਆਂ..... ਵਿਸ਼ਾਲ ਨੀਲਾ ਸਮੰਦਰ.... ਹਰਿਆਲੀ ਭਰੇ ਬਾਗ਼.... ਝਰ-੨ ਝਰਦੇ ਝਰਨੇ...., ਪੀਹੂ-੨ ਕਰਕੇ ਨੱਚਦਾ ਮੋਰ....ਕੂਕਦੀ ਕੋਇਲ.....

ਰਿਮ-ਝਿਮ ਪੈਂਦੀਆਂ ਮੀਂਹ ਦੀਆਂ ਕਣੀਆਂ......ਅੰਬਰੀਂ ਚੜ੍ਹਿਆ ਚੰਨ.....ਗੁਲਾਬ ਦੀਆਂ ਨਾਜ਼ਕ ਪੱਤੀਆਂ.... ਫੁੱਲਾਂ ਤੇ ਖੇਡਦੀਆਂ ਤਿਤਲੀਆਂ ਤੇ ਤਿਤਲੀਆਂ ਦਾ ਪਿੱਛਾ ਕਰਦੇ ਭੌਰੇ....

ਉਹ ਇੱਕ ਕਲਾ ਪ੍ਰੇਮੀ ਸੀ....ਤਾਹੀਂਓ ਤਾਂ ਕੁਦਰਤ ਦੇ ਇੰਨੇ ਨੇੜ੍ਹੇ ਸੀ....ਕੁਦਰਤ ਨੂੰ ਮਾਣਿਆ ਕਰਦੀ ਸੀ....ਕੁਦਰਤ ਦੀ ਗੋਦ ਵਿੱਚ ਬਹਿ ਕੇ ਆਪਣਾ ਕੁੱਝ ਸਮਾਂ ਬਿਤਾਇਆ ਕਰਦੀ ਸੀ....

ਆਪਣੇ ਇਸ ਪਿਆਰ ਕਰਕੇ ਹੀ ਤਾਂ ਉਸਨੂੰ ਕੁਦਰਤ ਦੀ ਹਰ ਸ਼ੈਅ ਸੋਹਣੀ ਜਾਪਦੀ ਸੀ....ਤੇ ਉਹ ਸਦਾ ਲਈ ਕੁਦਰਤ 'ਚ ਰਚ-ਮਿਚ ਜਾਣਾ ਚਾਹੁੰਦੀ ਸੀ....

ਉਹ ਕਲਾ ਪ੍ਰੇਮੀ ਸੀ ਤੇ ਉਸਨੂੰ ਮੂਰਤੀਆਂ ਦਾ ਵੀ ਬੜਾ ਸ਼ੌਂਕ ਸੀ....ਉਹ

ਇਹਨਾਂ ਮੂਰਤੀਆਂ ਨਾਲ ਆਪਣੇ ਘਰ ਨੂੰ ਸਜਾਇਆ ਕਰਦੀ ਸੀ.... ਤੇ ਇਹ ਮੂਰਤੀਆਂ ਬੇਜਾਨ ਹੁੰਦੀਆਂ ਹੋਈਆਂ ਵੀ ਉਸਦੇ ਘਰ ਦੇ ਕੋਨੇ-੨ ਨੂੰ ਸਜੀਵ ਬਣਾ ਛੱਡਦੀਆਂ ਸਨ....

ਫੇਰ ਉਸਨੂੰ ਮੂਰਤੀਆਂ ਬਨਾਉਣ ਦਾ ਵੀ ਸ਼ੌਂਕ ਪਿਆ ਤੇ ਇਸ ਸ਼ੌਂਕ ਲਈ ਉਹ ਘੰਟਿਆਂ ਬੱਧੀ ਕਿਸੇ ਬੇਜਾਨ ਜਿਹੇ ਪੱਥਰ ਨੂੰ ਤਰਾਸ਼ਦੀ ਰਹਿੰਦੀ....

ਪਰ ਜਦ ਉਸਦੇ ਇਸ ਸ਼ੌਂਕ ਨੇ ਉਸਨੂੰ ਮੁੜ ਚਾਰਦੀਵਾਰੀ ਵਿੱਚ ਕੈਦ ਕਰਨਾ ਸ਼ੁਰੂ ਕਰ ਦਿੱਤਾ ਤਾਂ ਉਹ ਬੇਬਸ ਹੋ ਗਈ ਤੇ ਪੱਥਰਾਂ ਨੂੰ ਤਰਾਸ਼ਣ ਦੇ ਇਸ ਸ਼ੌਂਕ ਨੂੰ ਛੱਡ ਕੇ ਫਿਰ ਉਸਨੇ ਇੱਕ ਨਵਾਂ ਸ਼ੁਕਲ ਪਾਲ ਲਿਆ..... ਚਿੱਤਰਕਾਰੀ ਦਾ....

ਚਿੱਤਰਕਾਰੀ ਜਿੱਥੇ ਉਸਦੇ ਮਨ ਦੇ ਬਹੁਤ ਕਰੀਬ ਸੀ, ਉੱਥੇ ਹੀ ਉਸਨੂੰ ਕੁਦਰਤ ਦੇ ਨੇੜ੍ਹੇ ਵੀ ਲਈ ਰੱਖਦੀ ਸੀ.... ਉਸਦੀਆਂ ਬਣਾਈਆਂ ਬਹੁਤੀਆਂ ਤਸਵੀਰਾਂ ਵੱਖੋ-ਵੱਖਰੇ ਨਜ਼ਾਰਿਆਂ ਨੂੰ ਪੇਸ਼ ਕਰਦੀਆਂ ਹੁੰਦੀਆਂ....

ਜਿਸ ਵਿੱਚ ਉਸਨੇ ਸ਼ਿਮਲਾ ਦੀਆਂ ਖ਼ੂਬਸੂਰਤ ਵਾਦੀਆਂ, ਕਸ਼ਮੀਰ ਦੀਆਂ ਸੰਸਾਰ ਪ੍ਰਸਿੱਧ ਝੀਲਾਂ, ਪਹਾੜਾਂ ਦੇ ਮਨਮੋਹਕ ਦ੍ਰਿਸ਼ਾਂ, ਸਮੰਦਰ ਦੀਆਂ ਗਹਿਰਾਈਆਂ, ਅਸਮਾਨ ਦੀਆਂ ਉਚਾਈਆਂ, ਖੇਤਾਂ ਦੀ ਹਰਿਆਲੀ, ਝਰਨਿਆਂ ਦਾ ਸ਼ੋਰ, ਬੱਦਲਾਂ ਦੀ ਚੰਚਲਤਾ, ਜੀਵ-ਜੰਤੂਆਂ ਦੀ ਸੁੰਦਰਤਾ.....

ਫੁੱਲਾਂ ਦੀਆਂ ਮਹਿਕਾਂ, ਮੀਂਹ ਦੀਆਂ ਝੜੀਆਂ,ਮੌਸਮ ਦੇ ਮਿਜ਼ਾਜ਼, ਇਨਸਾਨਾਂ ਦੇ ਸੁਭਾਅ, ਪੱਥਰਾਂ ਦੀ ਖੜ੍ਹੋਤ, ਰੁੱਖਾਂ ਦੀ ਤ੍ਰਾਸਦੀ, ਰਾਜਸਥਾਨ ਦੇ ਤਪਦੇ ਥਲ, ਗੋਆ ਦੇ ਸਮੰਦਰਾਂ ਦੇ ਕੰਢੇ, ਗਤੀਸ਼ੀਲ ਲਹਿਰਾਂ, ਸਮੰਦਰੀ ਬੀਚ ਤੇ ਉਮੜੀ

ਭੀੜ, 'ਕੱਲੇ-ਕਹਿਰੇ ਟਾਪੂ, ਸਮੰਦਰ ਦੀ ਗਹਿਰਾਈ 'ਚੋਂ ਧਰਤੀ ਦੀ ਗੋਦ ਵਿੱਚ ਡਿੱਗੇ ਮੋਤੀ, ਸਿੱਪੀਆਂ, ਸ਼ੰਖ....

ਲੰਡਨ ਦੀਆਂ ਰੌਸ਼ਨੀ ਭਰੀਆਂ ਰਾਤਾਂ, ਸ਼ਹਿਰਾਂ ਦੀ ਵਿਅਸਥਤਾ, ਚਾਲ ਦੀ ਤੇਜ਼ੀ, ਭੀੜੀਆਂ ਗਲੀਆਂ, ਲੰਮੇ ਰਾਹਾਂ, ਚੁਰਸਤਿਆਂ, ਬੱਤੀਆਂ, ਪਿੰਡਾਂ ਦਾ ਖੁੱਲ੍ਹਾ ਵਾਤਾਵਰਨ, ਸਾਦਾ ਜੀਵਨ, ਬੋਹੜ ਥੱਲ੍ਹੇ ਲੱਗੀਆਂ ਸੱਥਾਂ, ਬਜ਼ੁਰਗਾਂ ਦੀ ਗੰਭੀਰਤਾ, ਬੱਚਿਆਂ ਦੀਆਂ ਸ਼ਰਾਰਤਾਂ, ਇਸਤਰੀਆਂ ਦੀ ਸੁੰਦਰਤਾ, ਮੇਲੇ-ਤਿਉਹਾਰਾਂ, ਵਾਢੀ ਦੇ ਦਿਨਾਂ, ਪ੍ਰੇਮਿਕਾਵਾਂ ਦੀ ਉਡੀਕ, ਮਜ਼ਦੂਰਾਂ ਦੀ ਬੇਬਸੀ....

ਬੰਗਾਲੀਆਂ ਦਾ ਪਹਿਰਾਵਾ, ਕੇਰਲ ਦੇ ਭੋਜ-ਪਦਾਰਥਾਂ, ਗੁਜਰਾਤ ਦੀਆਂ ਰਸਮਾਂ, ਮੁੰਬਈ ਦੀ ਸੁਫ਼ਨ-ਦੁਨੀਆਂ, ਲਖਨਊ ਦੇ ਅਮੀਰ-ਵਜ਼ੀਰ, ਮੱਧ-ਪ੍ਰਦੇਸ਼ ਦੇ ਮੰਦਰ, ਤਮਿਲਨਾਡੂ ਦੇ ਤੱਟ, ਕਲਕੱਤਾ ਤੱਕ ਦੇ ਰੇਲ-ਸਫ਼ਰ ਤੇ ਸਟੇਸ਼ਨਾਂ ਦੇ ਚਿੱਤਰ ਤੱਕ ਵੀ ਆਪਣੀ ਚਿੱਤਰਕਾਰੀ ਵਿੱਚ ਸ਼ਾਮਿਲ ਕੀਤੇ ਹੋਏ ਸਨ....

ਉਸਨੇ ਆਪਣੇ ਬਣਾਏ ਚਿੱਤਰਾਂ ਨੂੰ ਕਦੇ ਵੇਚਿਆ ਨਹੀਂ ਸੀ....ਕਿਉਂਕਿ ਚਿੱਤਰ ਉਹ ਵੇਚਣ ਲਈ ਨਹੀਂ , ਸਗੋਂ ਵਾਰ-੨ ਵੇਖਣ ਲਈ ਬਣਾਇਆ ਕਰਦੀ

ਸੀ....ਉਸਨੇ ਆਪਣੇ ਸ਼ੌਂਕ ਤੇ ਕਦੇ ਕਿਸੇ ਹੋਰ ਚੀਜ਼ ਨੂੰ ਹਾਵੀ ਨਹੀਂ ਸੀ ਹੋਣ ਦਿੱਤਾ...

ਇਸ ਸ਼ੌਂਕ ਦੀ ਖ਼ਾਤਰ ਹੀ ਉਹ ਦੁਨੀਆਂ ਦੇ ਪਤਾ ਨਹੀਂ ਕਿੰਨੇ ਹੀ ਸੂਬਿਆਂ, ਰਾਜਾਂ, ਰਾਜਧਾਨੀਆਂ ਤੇ ਮੁਲਕਾਂ ਦੀ ਸੈਰ ਕਰ ਚੁੱਕੀ ਸੀ... ਜੋ ਚੀਜ਼ ਉਸਨੂੰ ਸੋਹਣੀ ਲੱਗਦੀ ਜਾਂ ਜੋ ਦ੍ਰਿਸ਼ ਉਸਦੀਆਂ ਅੱਖਾਂ ਨੂੰ ਮੋਹ ਜਾਂਦੇ, ਉਹ ਉਸਨੂੰ ਆਪਣੇ ਦਿਲ 'ਚ ਉਤਾਰ ਲੈਂਦੀ ਤੇ ਫੇਰ ਸਮੇਂ ਤੋਂ ਵੀ ਬੇਪਰਵਾਹ ਹੋਈ ਆਪਣਾ ਪ੍ਰੇਮ, ਆਪਣੀ ਕਲਾ ਨੂੰ ਸਮਰਪਿਤ ਕਰ ਦਿੰਦੀ....

ਉਸਦੀ ਜ਼ਿੰਦਗੀ ਦਾ ਇੱਕ ਲੰਮਾ ਹਿੱਸਾ ਉਸਦੇ ਸ਼ੌਂਕ ਦੇ ਲੇਖੇ ਲੱਗਿਆ.... ਉਹ ਆਪਣੇ ਸ਼ੌਂਕ ਲਈ ਆਜ਼ਾਦ ਬਣੀ ਰਹੀ ਤੇ ਉਸਦੇ ਸ਼ੌਂਕ ਨੇ ਉਸਨੂੰ ਆਜ਼ਾਦ ਕਰੀ ਰੱਖਿਆ....

ਉਹ ਇੱਕ ਸੱਚੀ ਕਲਾ ਪ੍ਰੇਮੀ ਸੀ.... ਇੱਕ ਸੱਚੀ ਕਲਾਕਾਰ ਸੀ ਉਹ....ਉਸਨੇ ਜ਼ਿੰਦਗੀ ਨੂੰ ਆਜ਼ਾਦ ਹੋ ਕੇ ਜੀਵਿਆ.... ਸਮਾਂ ਵੀ ਉਸਨੂੰ ਪਾਬੰਦ ਨਾ ਕਰ ਸਕਿਆ.... ਉਸਨੇ ਆਪਣੇ ਸ਼ੌਂਕ ਅੱਗੇ ਕਿਸੇ ਦੀ ਪਰਵਾਹ ਨਾ ਕੀਤੀ...

ਸਮਾਜ ਦੀਆਂ ਬੇੜੀਆਂ ਉਸਨੂੰ ਚਾਅ ਕੇ ਵੀ ਬੰਨ੍ਹ ਨਾ ਪਾਈਆਂ.... ਉਹ ਕਦੇ ਕਿਸੇ ਦੀ ਮੁਥਾਜ ਨਹੀਂ ਰਹੀ.... ਉਹ ਆਜ਼ਾਦ ਰਹੀ... ਜ਼ਿੰਦਗੀ ਨੂੰ ਆਜ਼ਾਦ ਰਹਿ ਕੇ ਜੀਉਂਦੀ ਰਹੀ ਤੇ ਫੇਰ ਜ਼ਿੰਦਗੀ ਨੇ ਵੀ ਉਸਨੂੰ ਆਜ਼ਾਦ ਕਰ ਦਿੱਤਾ....

**ਕਹਾਣੀਆਂ ਦੇ ਪਾਤਰ, ਚਰਿੱਤਰ, ਘਟਨਾਵਾਂ ਤੇ ਵਾਰਤਾਲਾਪ ਸਭ ਕਾਲਪਨਿਕ ਹਨ....**

**ਇਹਨਾਂ ਕਹਾਣੀਆਂ ਦਾ ਕਿਸੇ ਦੀ ਅਸਲ ਜ਼ਿੰਦਗੀ ਨਾਲ ਕੋਈ ਸੰਬੰਧ ਨਹੀਂ...**

**.....ਸਿਮਰਨ 'ਲੁਧਿਆਣਵੀ'.....**

**......ਸੰਪਰਕ.......**

**simranjeet.dhiman13@gmail.com**

Read books like this at
www.PunjabiLibrary.com